


ਸੱਚੀ ਅਤੇ ਨਿਰਪੱਖ ਵਿਚਾਰਧਾਰਾ

CEE7NEWS

Daily Digital Edition




Saturday 25th April 2026 | RNI: XXXXXXXXXX | website: www.mywebsite.com

## ਪਲਾਸਟਿਕ ਫੈਕਟਰੀ ਅਤੇ ਗੋਦਾਮ ਵਿੱਚ ਐਤਵਾਰ ਤੜਕੇ ਭਿਆਨਕ ਅੱਗ



ਗੁਰੂਗ੍ਰਾਮ ਦੇ ਸੈਕਟਰ 110 ਵਿੱਚ ਸਥਿਤ ਇੱਕ ਪਲਾਸਟਿਕ ਫੈਕਟਰੀ ਅਤੇ ਗੋਦਾਮ ਵਿੱਚ ਐਤਵਾਰ ਤੜਕੇ ਭਿਆਨਕ ਅੱਗ ਲੱਗਣ ਕਾਰਨ ਲੱਖਾਂ ਰੁਪਏ ਦਾ ਸਾਮਾਨ ਸੜ ਕੇ ਸੁਆਹ ਹੋ ਗਿਆ। ਇਸ ਘਟਨਾ ਨੇ ਨਾ ਸਿਰਫ਼ ਇਲਾਕਾ ਨਿਵਾਸੀਆਂ ਵਿੱਚ ਦਹਿਸ਼ਤ ਪੈਦਾ ਕਰ ਦਿੱਤੀ, ਸਗੋਂ ਐਮਰਜੈਂਸੀ ਸੇਵਾਵਾਂ ਦੇ ਦੇਰੀ ਨਾਲ ਪਹੁੰਚਣ ਕਾਰਨ ਪ੍ਰਸ਼ਾਸਨ 'ਤੇ ਵੀ ਵੱਡੇ ਸਵਾਲ ਖੜ੍ਹੇ ਕਰ ਦਿੱਤੇ ਹਨ। ਅੱਗ ਕਾਰਨ ਨਿਕਲੇ ਕਾਲੇ ਧੂੰਏਂ ਨੇ ਦਵਾਰਕਾ ਐਕਸਪ੍ਰੈਸਵੇਅ ਦੇ ਵੱਡੇ ਹਿੱਸੇ ਨੂੰ ਆਪਣੀ ਲਪੇਟ ਵਿੱਚ ਲੈ ਲਿਆ, ਜਿਸ ਕਾਰਨ ਵਾਹਨਾਂ ਦੀ ਆਵਾਜਾਈ ਵੀ ਪ੍ਰਭਾਵਿਤ ਹੋਈ।ਦੇਰ ਰਾਤ ਭੜਕੀ ਅੱਗ ਚਸ਼ਮਦੀਦਾਂ ਅਨੁਸਾਰ, ਨਿਊ ਪਾਲਮ ਵਿਹਾਰ ਦੇ ਬਾਜਘੇੜਾ ਨੇੜੇ ਸਥਿਤ ਇਸ ਸਕਰੈਪ ਗੋਦਾਮ ਵਿੱਚ ਅੱਗ ਰਾਤ ਕਰੀਬ 2:00 ਤੋਂ 2:30 ਵਜੇ ਦੇ ਵਿਚਕਾਰ ਲੱਗੀ। ਗੋਦਾਮ ਵਿੱਚ ਪਲਾਸਟਿਕ, ਥਰਮੋਕੋਲ ਅਤੇ ਹੋਰ ਜਲਣਸ਼ੀਲ ਪਦਾਰਥ ਹੋਣ ਕਾਰਨ ਅੱਗ ਨੇ ਤੇਜ਼ੀ ਨਾਲ ਭਿਆਨਕ ਰੂਪ ਧਾਰਨ ਕਰ ਲਿਆ। ਸਥਾਨਕ ਲੋਕਾਂ ਦਾ ਦੋਸ਼ ਹੈ ਕਿ ਪ੍ਰਸ਼ਾਸਨ ਨੂੰ ਸਵੇਰੇ 4:00 ਵਜੇ ਹੀ ਸੂਚਿਤ ਕਰ ਦਿੱਤਾ ਗਿਆ ਸੀ, ਪਰ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਕਾਫ਼ੀ ਦੇਰੀ ਨਾਲ ਪਹੁੰਚੀਆਂ। ਸ਼ੁਰੂ ਵਿੱਚ ਸਿਰਫ਼ ਇੱਕ ਫਾਇਰ ਟੈਂਡਰ ਮੌਕੇ 'ਤੇ ਪਹੁੰਚਿਆ, ਜਦੋਂ ਤੱਕ ਹੋਰ ਮਦਦ ਆਈ, ਤਦ ਤੱਕ ਸਭ ਕੁਝ ਸੜ ਚੁੱਕਾ ਸੀ। ਦੇਰ ਰਾਤ ਭੜਕੀ ਅੱਗ ਚਸ਼ਮਦੀਦਾਂ ਅਨੁਸਾਰ, ਨਿਊ ਪਾਲਮ ਵਿਹਾਰ ਦੇ ਬਾਜਘੇੜਾ ਨੇੜੇ ਸਥਿਤ ਇਸ ਸਕਰੈਪ ਗੋਦਾਮ ਵਿੱਚ ਅੱਗ ਰਾਤ ਕਰੀਬ 2:00 ਤੋਂ 2:30 ਵਜੇ ਦੇ ਵਿਚਕਾਰ ਲੱਗੀ। ਗੋਦਾਮ ਵਿੱਚ ਪਲਾਸਟਿਕ, ਥਰਮੋਕੋਲ ਅਤੇ ਹੋਰ ਜਲਣਸ਼ੀਲ ਪਦਾਰਥ ਹੋਣ ਕਾਰਨ ਅੱਗ ਨੇ ਤੇਜ਼ੀ ਨਾਲ ਭਿਆਨਕ ਰੂਪ ਧਾਰਨ ਕਰ ਲਿਆ। ਸਥਾਨਕ ਲੋਕਾਂ ਦਾ ਦੋਸ਼ ਹੈ ਕਿ ਪ੍ਰਸ਼ਾਸਨ ਨੂੰ ਸਵੇਰੇ 4:00 ਵਜੇ ਹੀ ਸੂਚਿਤ ਕਰ ਦਿੱਤਾ ਗਿਆ ਸੀ, ਪਰ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਕਾਫ਼ੀ ਦੇਰੀ ਨਾਲ ਪਹੁੰਚੀਆਂ। ਸ਼ੁਰੂ ਵਿੱਚ ਸਿਰਫ਼ ਇੱਕ ਫਾਇਰ ਟੈਂਡਰ ਮੌਕੇ 'ਤੇ ਪਹੁੰਚਿਆ, ਜਦੋਂ ਤੱਕ ਹੋਰ ਮਦਦ ਆਈ, ਤਦ ਤੱਕ ਸਭ ਕੁਝ ਸੜ ਚੁੱਕਾ ਸੀ।

## cee7news ਪੰਜਾਬ ਦੀ 6 ਵਿਕਟਾਂ ਨਾਲ ਜਿੱਤ ਹੋ ਗਈ

# ਪੰਜਾਬ ਵਲੋਂ ਪ੍ਰਿਯਾਂਸ ਆਰੀਆ ਨੇ 43, ਪ੍ਰਭਸਿਮਰਨ ਨੇ 76 ਤੇ ਸ਼ੇਅਸ ਅਈਅਰ ਨੇ 71 ਦੌੜਾਂ ਬਣਾਈਆਂ।

ਇੰਡੀਅਨ ਪ੍ਰੀਮੀਅਰ ਲੀਗ (ਆਈ.ਪੀ.ਐਲ) 2026 ਵਿਚ ਦਿੱਲੀ ਦੇ ਅਰੁਣ ਜੇਟਲੀ ਸਟੇਡੀਅਮ ਵਿਚ ਦਿੱਲੀ ਕੈਪੀਟਲਸ ਅਤੇ ਪੰਜਾਬ ਕਿੰਗਜ਼ ਵਿਚਾਲੇ ਮੈਚ ਖੇਡਿਆ ਗਿਆ। ਦਿੱਲੀ ਨੇ ਟਾਸ ਜਿੱਤ ਕੇ ਪਹਿਲਾਂ ਬੱਲੇਬਾਜ਼ੀ ਕਰਨ ਦਾ ਫ਼ੈਸਲਾ ਕੀਤਾ। ਪਹਿਲਾਂ ਬੱਲੇਬਾਜ਼ੀ ਕਰਦੇ ਹੋਏ ਦਿੱਲੀ ਨੇ ਕੇਐੱਲ ਰਾਹੁਲ ਦੀਆਂ 152 ਦੌੜਾਂ ਤੇ ਨਿਤੀਸ਼ ਰਾਣਾ ਦੀਆਂ 91 ਦੌੜਾਂ ਬਦੌਲਤ 20 ਓਵਰਾਂ 'ਚ 2 ਵਿਕਟਾਂ ਗੁਆ ਕੇ 264 ਦੌੜਾਂ ਬਣਾਈਆਂ ਤੇ ਪੰਜਾਬ ਨੂੰ ਜਿੱਤ ਲਈ 265 ਦੌੜਾਂ ਦਾ ਟੀਚਾ ਦਿਤਾ।

ਰਾਹੁਲ ਨੇ ਅਪਣੀ ਪਾਰੀ ਦੌਰਾਨ 9 ਛਿੱਕੇ ਤੇ 16 ਚੌਕੇ ਜੜੇ ਤੇ ਉਹ ਨਾਬਾਦ ਪੈਵੇਲੀਅਨ ਮੁੜਿਆ। ਇਸ ਦੇ ਨਾਲ ਹੀ ਨਿਤੀਸ਼ ਰਾਣਾ ਨੇ ਅਪਣੀ ਪਾਰੀ ਦੌਰਾਨ 4 ਛਿੱਕੇ ਤੇ 11 ਚੌਕੇ ਜੜੇ। ਪੰਜਾਬ ਲਈ ਅਰਸ਼ਦੀਪ ਤੇ ਬਾਰਲੇਟ ਨੇ 1-1 ਵਿਕਟ ਲਈ। 265 ਦੌੜਾਂ ਦਾ ਪਿਛਾ ਕਰਨ ਉਤਰੀ ਪੰਜਾਬ ਦੀ ਟੀਮ ਦੀ ਤੇਜ਼ ਸ਼ੁਰੂਆਤ ਹੋਈ। ਪੰਜਾਬ ਨੇ ਪਹਿਲੇ 10 ਓਵਰਾਂ ਵਿਚ ਹੀ 147 ਦੌੜਾਂ ਬਣਾ ਲਈਆਂ ਸਨ। ਪੰਜਾਬ ਵਲੋਂ ਪ੍ਰਿਯਾਂਸ ਆਰੀਆ ਨੇ 43, ਪ੍ਰਭਸਿਮਰਨ ਨੇ 76 ਤੇ ਸ਼ੇਅਸ ਅਈਅਰ ਨੇ 71 ਦੌੜਾਂ ਬਣਾਈਆਂ। ਸੀਜ਼ਨ ਦੇ ਸਭ ਤੋਂ ਵੱਡੇ ਟੀਚੇ ਨੂੰ ਪੰਜਾਬ ਨੇ 18.5 ਓਵਰਾਂ ਵਿਚ 4 ਵਿਕਟਾਂ ਗਵਾ ਕੇ ਹਾਸਲ ਕਰ ਲਿਆ। ਇਸ ਤਰ੍ਹਾਂ ਪੰਜਾਬ ਦੀ 6 ਵਿਕਟਾਂ ਨਾਲ ਜਿੱਤ ਹੋ ਗਈ। ਦਿੱਲੀ ਵਲੋਂ ਕੁਲਦੀਪ ਯਾਦਵ ਨੇ 2 ਤੇ ਅਕਸ਼ਰ ਪਟੇਲ ਨੇ 1 ਵਿਕਟ ਲਈ।

ਦਿੱਲੀ ਦੇ ਗੇਂਦਬਾਜ਼ ਲੁੰਗੀ ਨਗਿਦੀ ਨੂੰ ਲੱਗੀ ਗੰਭੀਰ ਸੱਟ

ਦਿੱਲੀ ਦੇ ਤੇਜ਼ ਗੇਂਦਬਾਜ਼ ਲੁੰਗੀ ਨਗਿਦੀ ਕੈਚ ਲੈਣ ਦੀ ਕੋਸ਼ਿਸ਼ ਕਰਦੇ ਸਮੇਂ ਪਿੱਛੇ ਵਲ ਡਿੱਗ ਪਏ ਅਤੇ ਉਨ੍ਹਾਂ ਦਾ ਸਿਰ ਜ਼ਮੀਨ 'ਤੇ ਜ਼ੋਰ ਨਾਲ ਵਜਿਆ। ਸੱਟ ਇੰਨੀ ਗੰਭੀਰ ਸੀ ਕਿ ਖੇਡ ਲਗਭਗ 15 ਮਿੰਟ ਲਈ ਰੋਕ ਦਿਤੀ ਗਈ। ਉਸ ਨੂੰ ਐਂਬੂਲੈਂਸ ਰਾਹੀਂ ਰਾਜੇਂਦਰ ਨਗਰ ਦੇ ਮੈਕਸ ਹਸਪਤਾਲ ਲਿਜਾਇਆ ਗਿਆ। ਉਸ ਦਾ ਮੁਲਾਂਕਣ ਕੀਤਾ ਗਿਆ। ਇਹ ਘਟਨਾ ਪੰਜਾਬ ਦੀ ਪਾਰੀ ਦੇ ਤੀਜੇ ਓਵਰ ਵਿਚ ਵਾਪਰੀ।ਬੱਲੇਬਾਜ਼ ਪ੍ਰਿਆਂਸ਼ ਆਰੀਆ ਨੇ ਅਕਸ਼ਰ ਪਟੇਲ ਦੀ ਇਕ ਪੂਰੀ ਲੰਬਾਈ ਵਾਲੀ ਗੇਂਦ 'ਤੇ ਹਵਾ ਵਿਚ ਸ਼ਾਟ ਮਾਰਿਆ। ਗੇਂਦ ਮਿਡ-ਆਫ਼ ਦੇ ਉਪਰ ਚਲੀ ਗਈ, ਜਿੱਥੇ ਨਗਿਦੀ ਤੇਜ਼ੀ ਨਾਲ ਵਾਪਸ ਭੱਜ ਗਿਆ। ਉਸ ਨੇ ਕੈਚ ਨੂੰ ਲੈ ਕੇ ਥੋੜ੍ਹੀ ਜਿਹੀ ਗ਼ਲਤੀ ਕੀਤੀ ਅਤੇ ਅਪਣਾ ਸੰਤੁਲਨ ਗੁਆ ਦਿਤਾ। ਉਹ ਪਿੱਛੇ ਵਲ ਡਿੱਗ ਪਿਆ। ਟੱਕਰ ਕਾਫ਼ੀ ਤੇਜ਼ ਸੀ। ਡਿੱਗਦੇ ਸਾਰ ਹੀ ਉਸ ਨੇ ਅਪਣਾ ਸਿਰ ਫੜ ਲਿਆ ਅਤੇ ਜ਼ਮੀਨ 'ਤੇ ਪਿਆ ਰਿਹਾ।ਦਿੱਲੀ ਦੇ ਗੇਂਦਬਾਜ਼ ਲੁੰਗੀ ਨਗਿਦੀ ਨੂੰ ਲੱਗੀ ਗੰਭੀਰ ਸੱਟ

ਦਿੱਲੀ ਦੇ ਤੇਜ਼ ਗੇਂਦਬਾਜ਼ ਲੁੰਗੀ ਨਗਿਦੀ ਕੈਚ ਲੈਣ ਦੀ ਕੋਸ਼ਿਸ਼ ਕਰਦੇ ਸਮੇਂ




ਪਿੱਛੇ ਵਲ ਡਿੱਗ ਪਏ ਅਤੇ ਇੰਨੀ ਗੰਭੀਰ ਸੀ ਕਿ ਖੇਡ ਲਗਭਗ 15 ਮਿੰਟ ਲਈ ਰੋਕ ਦਿਤੀ ਗਈ। ਉਸ ਨੂੰ ਐਂਬੂਲੈਂਸ ਰਾਹੀਂ ਰਾਜੇਂਦਰ ਨਗਰ ਦੇ ਮੈਕਸ ਹਸਪਤਾਲ ਲਿਜਾਇਆ ਗਿਆ। ਉਸ ਦਾ ਮੁਲਾਂਕਣ ਕੀਤਾ ਗਿਆ। ਇਹ ਘਟਨਾ ਪੰਜਾਬ ਦੀ ਪਾਰੀ ਦੇ ਤੀਜੇ ਓਵਰ ਵਿਚ ਵਾਪਰੀ।

ਬੱਲੇਬਾਜ਼ ਪ੍ਰਿਆਂਸ਼ ਆਰੀਆ ਨੇ ਅਕਸ਼ਰ ਪਟੇਲ ਦੀ ਇਕ ਪੂਰੀ ਲੰਬਾਈ ਵਾਲੀ ਗੇਂਦ 'ਤੇ ਹਵਾ ਵਿਚ ਸ਼ਾਟ ਮਾਰਿਆ। ਗੇਂਦ ਮਿਡ-ਆਫ਼ ਦੇ ਉਪਰ ਚਲੀ ਗਈ, ਜਿੱਥੇ ਨਗਿਦੀ ਤੇਜ਼ੀ ਨਾਲ ਵਾਪਸ ਭੱਜ ਗਿਆ। ਉਸ ਨੇ ਕੈਚ ਨੂੰ ਲੈ ਕੇ ਥੋੜ੍ਹੀ ਜਿਹੀ ਗ਼ਲਤੀ ਕੀਤੀ ਅਤੇ ਅਪਣਾ ਸੰਤੁਲਨ ਗੁਆ ਦਿਤਾ। ਉਹ ਪਿੱਛੇ ਵਲ ਡਿੱਗ ਪਿਆ। ਟੱਕਰ ਕਾਫ਼ੀ ਤੇਜ਼ ਸੀ। ਡਿੱਗਦੇ ਸਾਰ ਹੀ ਉਸ ਨੇ ਅਪਣਾ ਸਿਰ ਫੜ ਲਿਆ ਅਤੇ ਜ਼ਮੀਨ 'ਤੇ ਪਿਆ ਰਿਹਾ।

## ਭਾਜਪਾ ਅਤੇ 'ਆਪ' ਦੇ ਇਰਾਦਿਆਂ ਨੂੰ ਸਮਝਣ ਦੀ ਲੋੜ: ਸੁਖਜਿੰਦਰ ਰੰਧਾਵਾ



ਪੰਜਾਬ ਦੇ ਸਾਬਕਾ ਉਪ ਮੁੱਖ ਮੰਤਰੀ ਅਤੇ ਗੁਰਦਾਸਪੁਰ ਤੋਂ ਸੰਸਦ ਮੈਂਬਰ ਸੁਖਜਿੰਦਰ ਸਿੰਘ ਰੰਧਾਵਾ ਨੇ ਭਾਰਤੀ ਜਨਤਾ ਪਾਰਟੀ ਅਤੇ ਆਮ ਆਦਮੀ ਪਾਰਟੀ 'ਤੇ ਤਿੱਖੇ ਹਮਲੇ ਕਰਦਿਆਂ ਦੋਸ਼ ਲਾਇਆ ਹੈ ਕਿ ਦੋਵੇਂ ਪਾਰਟੀਆਂ ਇੱਕੋ ਸਿੱਕੇ ਦੇ ਦੋ ਪਹਿਲੂ ਹਨ ਅਤੇ ਦੇਸ਼ ਦੀਆਂ ਲੋਕਤੰਤਰੀ ਸੰਸਥਾਵਾਂ ਨੂੰ ਕਮਜ਼ੋਰ ਕਰਨ ਦਾ ਕੰਮ ਕਰ ਰਹੀਆਂ ਹਨ। ਦੋਵੇਂ ਪਾਰਟੀਆਂ ਸੱਤਾ ਦੀ ਖ਼ਾਤਰ ਸੰਵਿਧਾਨਕ ਕਦਰਾਂ-ਕੀਮਤਾਂ ਨੂੰ ਨਜ਼ਰਅੰਦਾਜ਼ ਕਰ ਰਹੀਆਂ ਹਨ। ਪੰਜਾਬ ਦੇ ਲੋਕਾਂ ਨੂੰ ਅੱਜ ਭਾਜਪਾ ਅਤੇ 'ਆਪ' ਦੇ ਇਸ ਇਰਾਦਿਆਂ ਨੂੰ ਸਮਝਣ ਦੀ ਲੋੜ ਹੈ।

ਰੰਧਾਵਾ ਨੇ ਕਿਹਾ ਕਿ ਮੌਜੂਦਾ ਹਾਲਾਤਾਂ ਵਿੱਚ ਕਾਂਗਰਸ ਹੀ ਇੱਕ ਅਜਿਹੀ ਪਾਰਟੀ ਹੈ ਜੋ ਸੰਵਿਧਾਨ ਦੀ ਰਾਖੀ ਕਰ ਸਕਦੀ ਹੈ। ਜਮਹੂਰੀ ਢਾਂਚੇ ਨੂੰ ਮਜ਼ਬੂਤ ਰੱਖਣ ਲਈ ਵਚਨਬੱਧ ਹੈ। ਰੰਧਾਵਾ ਨੇ ਨਾ ਸਿਰਫ਼ ਪੰਜਾਬ ਦੇ ਲੋਕਾਂ ਨੂੰ ਸਗੋਂ ਦੇਸ਼ ਦੇ ਲੋਕਾਂ ਨੂੰ ਵੀ ਅਪੀਲ ਕੀਤੀ ਕਿ ਉਹ ਲੋਕਤੰਤਰ ਅਤੇ ਸੰਵਿਧਾਨਕ ਸੰਸਥਾਵਾਂ ਨੂੰ ਬਚਾਉਣ ਲਈ ਕਾਂਗਰਸ ਦਾ ਸਾਥ ਦੇਣ। ਤਾਂ ਜੋ ਭਾਜਪਾ ਦੀਆਂ ਸਾਜ਼ਿਸ਼ਾਂ ਨੂੰ ਨਾਕਾਮ ਕੀਤਾ ਜਾ ਸਕੇ।

ਸਾਬਕਾ ਉਪ ਮੁੱਖ ਮੰਤਰੀ ਰੰਧਾਵਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੇ ਸਾਂਸਦ ਰਾਘਵ ਚੱਢਾ, ਅਸ਼ੋਕ ਮਿੱਤਲ ਅਤੇ ਸੰਦੀਪ ਪਾਠਕ ਸਮੇਤ ਸੱਤ ਸੰਸਦ ਮੈਂਬਰ ਭਾਜਪਾ ਅਤੇ ਆਰ.ਐਸ.ਐਸ ਦੇ ਇਕਹਿਰੇ ਰਾਜ ਨੂੰ ਅੱਗੇ ਵਧਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਭਾਜਪਾ ਨਾ ਸਿਰਫ ਲੋਕ ਸਭਾ ਅਤੇ ਵਿਧਾਨ ਸਭਾ ਵਿਚ ਆਪਣੀ ਗਿਣਤੀ ਵਧਾ ਕੇ ਮਨਮਾਨੇ ਬਿੱਲ ਪਾਸ ਕਰਨਾ ਚਾਹੁੰਦੀ ਹੈ, ਸਗੋਂ ਛੋਟੀਆਂ ਅਤੇ ਖੇਤਰੀ ਪਾਰਟੀਆਂ ਨੂੰ ਖਤਮ ਕਰਨ ਦੀ ਕੋਸ਼ਿਸ਼ ਵੀ ਕਰ ਰਹੀ ਹੈ। ਭਾਜਪਾ ਦਾ ਉਦੇਸ਼ ਖਾਸ ਤੌਰ 'ਤੇ ਵਿਰੋਧੀ ਧਿਰ ਨੂੰ ਖਤਮ ਕਰਨਾ ਹੈ।

ਈਡੀ ਅਤੇ ਸੀਬੀਆਈ ਵਰਗੀਆਂ ਸਰਕਾਰੀ ਏਜੰਸੀਆਂ ਦੀ ਦੁਰਵਰਤੋਂ ਵੱਖ-ਵੱਖ ਪਾਰਟੀਆਂ ਦੇ ਨੇਤਾਵਾਂ ਨੂੰ ਭਾਜਪਾ ਵਿੱਚ ਸ਼ਾਮਲ ਹੋਣ ਲਈ ਡਰਾਉਣ ਅਤੇ ਮਜਬੂਰ ਕਰਨ ਲਈ ਕੀਤੀ ਜਾ ਰਹੀ ਹੈ। ਫ਼ਤਵੇ ਦੀ ਲੁੱਟ ਹੋ ਰਹੀ ਹੈ ਅਤੇ ਫ਼ਤਵੇ ਦਾ ਅਪਮਾਨ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਨੇ ਹਮੇਸ਼ਾ ਸੰਵਿਧਾਨ ਨੂੰ ਬਚਾਉਣ ਦੀ ਆਵਾਜ਼ ਬੁਲੰਦ ਕੀਤੀ ਹੈ।



ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਸ਼ਨੀਵਾਰ ਰਾਤ

# ਵਾਸ਼ਿੰਗਟਨ ਹਿਲਟਨ ਹੋਟਲ ਦੇ ਬਾਲਰੂਮ ਵਿੱਚ

ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਸ਼ਨੀਵਾਰ ਰਾਤ ਉਸ ਸਮੇਂ ਵਾਲ-ਵਾਲ ਬਚ ਗਏ, ਜਦੋਂ ਵ੍ਹਾਈਟ ਹਾਊਸ ਕਾਰਸਪੌਂਡੈਂਟਸ ਐਸੋਸੀਏਸ਼ਨ ਦੇ ਸਾਲਾਨਾ ਰਾਤਰੀ ਭੋਜ (ਡਿਨਰ) ਦੌਰਾਨ ਅਚਾਨਕ ਗੋਲੀਆਂ ਚੱਲਣ ਦੀ ਆਵਾਜ਼ ਸੁਣਾਈ ਦਿੱਤੀ। ਇਸ ਘਟਨਾ ਤੋਂ ਤੁਰੰਤ ਬਾਅਦ ਰਾਸ਼ਟਰਪਤੀ ਅਤੇ ਦੇਸ਼ ਦੇ ਹੋਰ ਉੱਚ ਨੇਤਾਵਾਂ ਨੂੰ ਸੁਰੱਖਿਅਤ ਸਥਾਨਾਂ 'ਤੇ ਪਹੁੰਚਾਇਆ ਗਿਆ। ਹਾਲਾਂਕਿ ਇਸ ਹਮਲੇ ਵਿੱਚ ਰਾਸ਼ਟਰਪਤੀ ਨੂੰ ਕੋਈ ਸੱਟ ਨਹੀਂ ਲੱਗੀ, ਪਰ ਭਾਜੜ ਦੌਰਾਨ ਮੰਚ ਤੋਂ ਉਤਰਦੇ ਸਮੇਂ ਉਹ ਮਾਮੂਲੀ ਲੜਖੜਾ ਗਏ ਸਨ, ਜਿਨ੍ਹਾਂ ਨੂੰ ਸੀਕਰੇਟ ਸਰਵਿਸ ਦੇ ਏਜੰਟਾਂ ਨੇ ਤੁਰੰਤ ਸੰਭਾਲ ਲਿਆ।

ਵਾਸ਼ਿੰਗਟਨ ਹਿਲਟਨ ਹੋਟਲ ਦੇ ਬਾਲਰੂਮ ਵਿੱਚ ਜਦੋਂ ਸੈਂਕੜੇ ਪੱਤਰਕਾਰ ਅਤੇ ਮਹਿਮਾਨ ਰਾਤਰੀ ਭੋਜ ਦਾ ਅਨੰਦ ਲੈ ਰਹੇ ਸਨ, ਤਾਂ ਅਚਾਨਕ ਬਾਹਰ ਗੋਲੀਬਾਰੀ ਹੋਣ ਦੀ ਖ਼ਬਰ ਆਈ। ਸੁਰੱਖਿਆ ਅਧਿਕਾਰੀਆਂ ਅਨੁਸਾਰ ਇੱਕ ਹਮਲਾਵਰ ਨੇ ਗੋਲੀਆਂ ਚਲਾਈਆਂ ਸਨ। ਘਟਨਾ ਤੋਂ ਤੁਰੰਤ ਬਾਅਦ ਪੂਰੇ ਹਾਲ ਵਿੱਚ ਦਹਿਸ਼ਤ ਦਾ ਮਾਹੌਲ ਬਣ ਗਿਆ ਅਤੇ ਸੁਰੱਖਿਆ ਕਰਮੀਆਂ ਨੇ ਪੂਰੇ ਇਲਾਕੇ ਨੂੰ ਘੇਰ ਲਿਆ। ਇਸ ਦੌਰਾਨ ਇਕ ਪੁਲੀਸ ਮੁਲਾਜ਼ਮ ਨੂੰ ਵੀ ਗੋਲੀ ਲੱਗੀ, ਪਰ ਬੁਲੇਟ-ਪਰੂਫ ਜੈਕਟ ਹੋਣ ਕਾਰਨ ਉਸ ਦੀ ਜਾਨ ਬਚ ਗਈ।

## ਪੱਤਰਕਾਰ ਅਤੇ ਮਹਿਮਾਨ ਰਾਤਰੀ ਭੋਜ ਦਾ ਅਨੰਦ ਲੈ ਰਹੇ ਸਨ

ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਸ਼ਨੀਵਾਰ ਰਾਤ ਉਸ ਸਮੇਂ ਵਾਲ-ਵਾਲ ਬਚ ਗਏ, ਜਦੋਂ ਵ੍ਹਾਈਟ ਹਾਊਸ ਕਾਰਸਪੌਂਡੈਂਟਸ ਐਸੋਸੀਏਸ਼ਨ ਦੇ ਸਾਲਾਨਾ ਰਾਤਰੀ ਭੋਜ (ਡਿਨਰ) ਦੌਰਾਨ ਅਚਾਨਕ ਗੋਲੀਆਂ ਚੱਲਣ ਦੀ ਆਵਾਜ਼ ਸੁਣਾਈ ਦਿੱਤੀ। ਇਸ ਘਟਨਾ ਤੋਂ ਤੁਰੰਤ ਬਾਅਦ ਰਾਸ਼ਟਰਪਤੀ ਅਤੇ ਦੇਸ਼ ਦੇ ਹੋਰ ਉੱਚ ਨੇਤਾਵਾਂ ਨੂੰ ਸੁਰੱਖਿਅਤ ਸਥਾਨਾਂ 'ਤੇ ਪਹੁੰਚਾਇਆ ਗਿਆ। ਹਾਲਾਂਕਿ ਇਸ ਹਮਲੇ ਵਿੱਚ ਰਾਸ਼ਟਰਪਤੀ ਨੂੰ ਕੋਈ ਸੱਟ ਨਹੀਂ ਲੱਗੀ, ਪਰ ਭਾਜੜ ਦੌਰਾਨ ਮੰਚ ਤੋਂ ਉਤਰਦੇ ਸਮੇਂ ਉਹ ਮਾਮੂਲੀ ਲੜਖੜਾ ਗਏ ਸਨ, ਜਿਨ੍ਹਾਂ ਨੂੰ ਸੀਕਰੇਟ ਸਰਵਿਸ ਦੇ ਏਜੰਟਾਂ ਨੇ ਤੁਰੰਤ ਸੰਭਾਲ ਲਿਆ। ਵਾਸ਼ਿੰਗਟਨ ਹਿਲਟਨ ਹੋਟਲ ਦੇ ਬਾਲਰੂਮ ਵਿੱਚ ਜਦੋਂ ਸੈਂਕੜੇ ਪੱਤਰਕਾਰ ਅਤੇ ਮਹਿਮਾਨ ਰਾਤਰੀ ਭੋਜ ਦਾ ਅਨੰਦ ਲੈ ਰਹੇ ਸਨ, ਤਾਂ ਅਚਾਨਕ ਬਾਹਰ ਗੋਲੀਬਾਰੀ ਹੋਣ ਦੀ ਖ਼ਬਰ ਆਈ। ਸੁਰੱਖਿਆ ਅਧਿਕਾਰੀਆਂ ਅਨੁਸਾਰ ਇੱਕ ਹਮਲਾਵਰ ਨੇ ਗੋਲੀਆਂ ਚਲਾਈਆਂ ਸਨ। ਘਟਨਾ ਤੋਂ ਤੁਰੰਤ ਬਾਅਦ ਪੂਰੇ ਹਾਲ ਵਿੱਚ ਦਹਿਸ਼ਤ ਦਾ ਮਾਹੌਲ ਬਣ ਗਿਆ ਅਤੇ ਸੁਰੱਖਿਆ ਕਰਮੀਆਂ ਨੇ ਪੂਰੇ ਇਲਾਕੇ ਨੂੰ ਘੇਰ ਲਿਆ। ਇਸ ਦੌਰਾਨ ਇਕ ਪੁਲੀਸ ਮੁਲਾਜ਼ਮ ਨੂੰ ਵੀ ਗੋਲੀ ਲੱਗੀ, ਪਰ ਬੁਲੇਟ-ਪਰੂਫ ਜੈਕਟ ਹੋਣ ਕਾਰਨ ਉਸ ਦੀ ਜਾਨ ਬਚ ਗਈ।White House Correspondents ਡਿਨਰ ਦੌਰਾਨ ਫਾਇਰਿੰਗ; ਰਾਸ਼ਟਰਪਤੀ ਟਰੰਪ ਵਾਲ-ਵਾਲ ਬਚੇ

ਸੁਰੱਖਿਆ ਕਰਮੀਆਂ ਨੇ ਟਰੰਪ ਨੂੰ ਸੁਰੱਖਿਅਤ ਬਾਹਰ ਕੱਢਿਆ, ਇਕ ਪੁਲੀਸ ਮੁਲਾਜ਼ਮ ਜ਼ਖ਼ਮੀ

article_Author

AP

ਵਾਸ਼ਿੰਗਟਨ, 08:15 AM Apr 26, 2026 IST

fb

twitter

whatsapp

## ਇਸ ਕਿਤਾਬ ਨੂੰ ਪੜ੍ਹਨ ਤੋਂ ਪਹਿਲਾ



ਇਸ ਕਿਤਾਬ ਨੂੰ ਪੜ੍ਹਨ ਤੋਂ ਪਹਿਲਾ ਮੈ ਵੀ ਸ਼੍ਰੀ ਆਕਾਲ ਤਖ਼ਤ ਸਾਹਿਬ ਬਾਰੇ ਬਹੁਤ ਘੱਟ ਜਾਣਕਾਰੀ ਸੀ । ਪਰ ਇਹ ਕਿਤਾਬ ਨੇ ਮੈਨੂੰ ਅੰਦਰ ਤੱਕ ਝੰਜੋੜ ਦਿੱਤਾ। ਸੱਚਮੁੱਚ ਇਹ ਕਿਤਾਬ ਨੂੰ ਪੜ੍ਹਨ ਵਾਲਾ ਸਫ਼ਰ ਬੜਾ ਮਾਨ ਵਾਲਾ ਸੀ ਪਰ ਇੱਕ ਗੱਲ ਦਾ ਦੁੱਖ ਇਹ ਵੀ ਸੀ ਕਿ ਸਾਡੀ ਕੌਮ ਕੋਲ ਬਹੁਤ ਕੁਝ ਹੈ ਪਰ ਅਸੀਂ ਇਸਨੂੰ ਸਾਂਭਣ ਵਿੱਚ ਨਾਕਾਮਯਾਬ ਰਹੇ। ਇਸਦੇ ਬਹੁਤ ਸਾਰੇ ਕਾਰਨ ਹਨ। ਅੱਜ ਦੁਨੀਆਂ ਜਿੱਥੇ ਸੋਚਦੀ ਵੀ ਸਾਡੀ ਇੱਕ ਕਲਿੱਕ ਦੇ ਨਾਲ ਸਾਰੀ ਜਾਣਕਾਰੀ ਮਿਲ ਜਾਂਦੀ ਆ ਓਥੇ ਕੋਈ ਵਿਰਲਾ ਹੀ ਕਿਤਾਬਾਂ ਪੜ੍ਹਦਾ ਤੇ ਵਿਰਲਾ ਹੀ ਇਤਿਹਾਸ ਦੇ ਪੰਨੇ ਫਰੋਲਦਾ। ਜਿਹੜਾ ਪੰਨੇ ਫਰੋਲਦਾ ਉਹ ਕਦੇ ਭੀੜ ਦਾ ਹਿੱਸਾ ਨਹੀਂ ਬਣਦਾ । ਇਹ ਕਿਤਾਬ ਦੱਸਦੀ ਹੈ ਕਿ . ਸ਼੍ਰੀ ਆਕਾਲ ਤਖ਼ਤ ਸਾਹਿਬ ਦੀ ਕੀ ਮਹੱਤਤਾ ਹੈ ?<2. ਸ਼੍ਰੀ ਆਕਾਲ ਤਖ਼ਤ ਸਾਹਿਬ ਦੀ ਕੌਮ ਨੂੰ ਕੀ ਲੋੜ ਹੈ ?3. ਤਖ਼ਤ ਅਤੇ ਗੁਰੂਦੁਆਰਾ ਸਾਹਿਬ ਵਿੱਚ ਕੀ ਫ਼ਰਕ ਆ ?4. ਅੱਜ ਸਿੱਖ ਕੌਮ ਕਿੱਥੇ ਖੜੀ ਆ ??5. ਸਿੱਖ ਕੌਮ ਵਿੱਚ ਆਪਣੇ ਰਾਜ ਲਈ ਕਿਉ ਤੜਪ ਹੈ ??ਸ਼੍ਰੀ ਆਕਾਲ ਤਖ਼ਤ ਸਾਹਿਬ ਸਿੱਖਾਂ ਦੀ ਸੁਤੰਤਰ ਹੋਂਦ ਦਾ ਪ੍ਰਤੀਕ ਹੈ । ਆਕਾਲ ਤਖ਼ਤ ਸਾਹਿਬ ਨਾਲ ਹੀ ਸਾਡੀ ਹੋਂਦ ਜੁੜੀ ਹੋਈ ਹੈ । ਹਰ ਸਿੱਖ ਨੂੰ ਇਸਦੇ ਇਤਿਹਾਸ ਬਾਰੇ ਜਾਣਕਾਰੀ ਹੋਣਾ ਬਹੁਤ ਜ਼ਰੂਰੀ ਹੈ ।ਕਿਤਾਬ ਦੀ ਕੀਮਤ 450 ਘਰ ਬੈਠੇ ਪਾਰਸਲ ਰਾਹੀ ਕਿਤਾਬ ਮੰਗਵਾਉਣ ਲਈ 083070 07508 ਤੇ whats app ਰਾਹੀਂ ਸੁਨੇਹਾ ਭੇਜੋ।

## ਨੂੰਹ ਸੌਹੁਰੇ ਦੀ ਸਾਲੀ



ਨੂੰਹ ਸੌਹੁਰੇ ਦੀ ਸਾਲੀ ,
ਬਾਬਾ ਪੋਤਰੀਆਂ ਦਾ ਮਾਸੜ ਬਣਿਆ,
ਘਰ ਦਾ ਘਰ ਵਿੱਚ ਸਰ ਗਿਆ ਨੀਂ,
ਬਾਬਾ ਬਖਤੌਰਾ,
ਗੋਲ ਮਸ਼ਕਰੀ ਕਰ ਗਿਆ ਨੀਂ ਬਾਬਾ ਬਖਤੌਰਾ!

ਕੁੱਝ ਸਮਾਂ ਪਹਿਲਾਂ ਟਰਾਂਟੋ ਵਿੱਚ ਇੱਕ ਬਜ਼ੁਰਗ ਜੋੜਾ ਆਪਣੇ ਪੁੱਤ-ਨੂੰਹ ਨਾਲ ਰਹਿ ਰਿਹਾ ਸੀ। ਕੁੱਝ ਦੇਰ ਬਾਅਦ ਮਾਤਾ ਦੀ ਮੌਤ ਹੋ ਗਈ।

ਨੂੰਹ ਸਹੁਰੇ ਦੇ ਮਗਰ ਪੈ ਗਈ ਕਿ ਉਹ ਉਸਦੀ ਪੰਜਾਬ ਵਿੱਚ ਰਹਿੰਦੀ ਛੋਟੀ ਭੈਣ ਨਾਲ ਵਿਆਹ ਕਰਵਾ ਕੇ ਉਸਨੂੰ ਕਿਸੇ ਤਰੀਕੇ ਨਾਲ ਕੈਨੇਡਾ ਲੈ ਆਵੇ। ਸਹੁਰੇ ਨੇ ਕਾਫੀ ਨਾਂਹ ਨੁੱਕਰ ਕੀਤੀ, ਪਰ ਨੂੰਹ ਖਹਿੜੇ ਪਈ ਰਹੀ ਕਿ ਉਹ ਮਹਿਜ਼ ਉਸਦੀ ਭੈਣ ਨਾਲ ਫਰਜ਼ੀ ਵਿਆਹ ਕਰਵਾ ਲਵੇ। ਉਹ ਸਿਰਫ ਆਪਣੀ ਭੈਣ ਨੂੰ ਕਿਸੇ ਬਹਾਨੇ ਨਾਲ ਇੱਥੇ ਲਿਆਉਣਾ ਚਾਹੁੰਦੀ ਹੈ। ਦਬਾਅ ਪੈਣ ਉਤੇ ਸਹੁਰਾ ਮੰਨ ਗਿਆ ਤੇ ਉਸਦੀ ਛੋਟੀ ਭੈਣ ਨੂੰ ਟਰਾਂਟੋ ਵਿਚ ਵਿਆਹ ਲਿਆਇਆ। ਇਕ ਦਿਨ ਪੁੱਤਰ ਨੂੰਹ ਕਿਤੇ ਬਾਹਰ ਗਏ ਹੋਏ ਸਨ ਜਦ ਕਿ ਉਸਦਾ ਸਹੁਰਾ ਤੇ ਉਸਦੀ ਭੈਣ ਘਰ ਵਿੱਚ ਇਕੱਲੇ ਸਨ। ਜਦ ਪੁੱਤ ਨੂੰਹ ਵਾਪਸ ਮੁੜੇ ਤਾਂ ਉਨ੍ਹਾਂ ਨੇ ਦੋਹਾਂ ਨੂੰ ਆਪਣੇ ਘਰ ਦੀ ਬੇਸਮੈਂਟ ਵਿਚ ਇਤਰਾਜ਼ਯੋਗ ਹਾਲਤ ਵਿੱਚ ਦੇਖਿਆ। ਪੁੱਤਰ ਤੇ ਨੂੰਹ ਦੋਵੇਂ ਲੋਹੇ ਲਾਖੇ ਹੋ ਗਏ ਤੇ ਉਨ੍ਹਾਂ ਨੇ ਪੁਲੀਸ ਬੁਲਾ ਲਈ। ਸ਼ਿਕਾਇਤ ਉੱਤੇ ਕੈਨੇਡੀਅਨ ਪੁਲੀਸ ਆਈ ਤਾਂ ਨੂੰਹ ਦੀ ਭੈਣ ਤੇ ਸਹੁਰੇ ਦੀ ਵਿਆਂਦੜ ਨੇ ਬਿਆਨ ਦੇ ਦਿੱਤਾ ਕਿ ਉਹ ਪਤੀ-ਪਤਨੀ ਹਨ। ਬਿਆਨ ਸੁਣ ਕੇ ਪੁਲੀਸ ਵਾਪਸ ਮੁੜ ਗਈ ਕਿ ਇਹ ਘਰੇਗੀ ਮਸਲਾ ਹੈ। ਪਰ ਗੁੱਸੇ ਦੇ ਮਾਰੇ ਪੁੱਤ ਤੇ ਨੂੰਹ ਨੇ ਆਪਣੇ ਸਹੁਰੇ ਤੇ ਭੈਣ ਨੂੰ ਘਰੋਂ ਕੱਢ ਦਿੱਤਾ।


ਹੁਣ ਪਿਉ-ਪੁੱਤ ਸਾਂਢੂ ਬਣ ਗਏ। ਸਹੁਰਾ ਜੀਜਾ ਬਣ ਗਿਆ ਤੇ ਨੂੰਹ ਸਾਲੀ ਬਣ ਗਈ। ਪੋਤੇ ਪੋਤੀਆਂ ਲਈ ਉਹ ਜਿੱਥੇ ਦਾਦਾ ਦਾਦੀ ਹਨ, ਉੱਥੇ ਉਹ ਮਾਸੀ ਤੇ ਮਾਸੜ ਵੀ ਬਣ ਗਏ। ਮੁਕਦੀ ਗੱਲ ਰਿਸ਼ਤਿਆਂ ਦਾ ਸਾਰਾ ਤਾਣਾ ਬਾਣਾ ਉਲਝ ਗਿਆ। ਇਹ ਸਾਰਾ ਕੁਝ ਸਿਰਫ ਇਸ ਕਰਕੇ ਹੋ ਰਿਹਾ ਹੈ ਕਿ ਲੋਕ ਕਿਸੇ ਭੈਣ ਭਰਾ ਨੂੰ ਨਾਜਾਇਜ਼ ਤੌਰ ਉੱਤੇ ਕੈਨੇਡਾ, ਅਮਰੀਕਾ ਜਾਂ ਕਿਸੇ ਯੂਰਪੀਨ ਮੁਲਕ ਵਿੱਚ ਬੁਲਾਣ ਦੀ ਹੋੜ ਵਿੱਚ ਲੱਗੇ ਹੋਏ ਹਨ।

ਇਹ ਦਾਸਤਾਨ ਸੱਚੀ ਹੈ ਤੇ ਕਈ ਕੈਨੇਡੀਅਨ ਅਖਬਾਰਾਂ ਵਿਚ ਛਪੀ ਵੀ ਸੀ।

ਥੋੜਾ ਸੱਚੀਆਂ ਤੇ ਤੱਤੀਆਂ ਸੁਨਾਉਣ ਵਾਲਾ।

ਜੋਗਿੰਦਰ ਬਾਠ ਹੋਲੈਂਡ।

# "ਮੰਜ਼ਿਲ ਤੋਂ ਗੁੰਮਰਾਹ ਕਰ ਦਿੰਦੇ ਨੇ ਲੋਕ ਸੋ ਹਰ ਕਿਸੇ ਤੋਂ ਰੁੱਕ ਰੁੱਕ ਕੇ ਰਸਤਾ ਪੁੱਛਣਾ ਸਹੀ ਨਹੀਂ ਹੁੰਦਾ।"



"ਮੰਜ਼ਿਲ ਤੋਂ ਗੁੰਮਰਾਹ ਕਰ ਦਿੰਦੇ ਨੇ ਲੋਕ ਸੋ ਹਰ ਕਿਸੇ ਤੋਂ ਰੁੱਕ ਰੁੱਕ ਕੇ ਰਸਤਾ ਪੁੱਛਣਾ ਸਹੀ ਨਹੀਂ ਹੁੰਦਾ।"

ਕਿਸੇ ਵੀ ਚੀਜ਼ ਦਾ ਸਹੀ ਤਜ਼ਰਬਾ ਤੇ ਗਿਆਨ ਲੈਕੇ ਤੁਰੋ ਕਿਉਂਕਿ ਕਈ ਵਾਰ ਅਸੀਂ ਹਰ ਕਿਸੇ ਨੂੰ ਆਪਣੇ ਵਾਂਗ ਹੀ ਸਮਝ ਕੇ ਕਿਸੇ ਕੰਮ ਦੀ ਜਾਣਕਾਰੀ ਲੈਣ ਲੱਗ ਪੈਂਦੇ ਹਾਂ ਅਗਲਾ ਕਦੀ ਵੀ ਤੁਹਾਨੂੰ ਸਹੀ ਦਿਸ਼ਾ ਨਹੀਂ ਦੇਵੇਗਾ ਕਿਉਂਕਿ ਕੌਣ ਚਾਹੇਗਾ ਕਿ ਜਿਸ ਕੰਮ ਵਿੱਚ ਉਸਨੂੰ ਮੁਹਾਰਤ ਹਾਸਿਲ ਆ ਉਸਦੀ ਫ੍ਰੀ ਵਿੱਚ ਜਾਣਕਾਰੀ ਵੰਡਦਾ ਫਿਰੇ , ਸੋ ਬਹੁਤੇ ਲੋਕ ਸਭ ਕੁੱਝ ਜਾਣਦੇ ਹੋਏ ਵੀ ਤੁਹਾਨੂੰ ਅਧੂਰੀ ਜਾਣਕਾਰੀ ਦੇਣਗੇ ਜੇਕਰ ਦੱਸਣਗੇ ਵੀ ਤਾਂ ਵਿੰਗ ਵਲੇਵੇਂ ਪਾਕੇ ਅਗਲਾ ਆਪੇ ਧੱਕੇ ਖਾਂਦਾ ਫਿਰੂ, ਮੈਂ ਕਈ ਵਾਰ ਆਪਣੇ ਸਕੂਲ ਦੇ ਕਈ ਕੰਮਾਂ ਕਾਰਾਂ ਵਿੱਚ ਕਿਸੇ ਤੋਂ ਕੋਈ ਜਾਣਕਾਰੀ ਲਵਾਂ ਤਾਂ ਮੈਨੂੰ ਕਿਸੇ ਤੋਂ ਸੰਤੁਸ਼ਟ ਜੁਆਬ ਨਾ ਮਿਲੂ ਬਹੁਤੇ ਲੋਕਾਂ ਦੀ ਫਿਤਰਤ ਗੁੰਮਰਾਹ ਕਰਨ ਵਾਲੀ ਹੁੰਦੀ , ਸੋ ਕਿਸੇ ਵੀ ਕੰਮ ਨੂੰ ਜਾਂ ਬਿਜਨੈਸ ਨੂੰ ਹੱਥ ਪਾਉਣ ਤੋਂ ਪਹਿਲਾਂ ਆਪਣੇ ਆਪ ਨੂੰ ਏਨਾ ਕੁ ਤਿਆਰ ਕਰੋ ਕਿ ਬਹੁਤੀ ਕਿਸੇ ਦੀ ਸਲਾਹ ਦੀ ਲੋੜ ਨਾ ਪਵੇ ਤੁਸੀਂ ਜਿਹੜਾ ਨਿਸ਼ਾਨਾ ਮਿੱਥ ਕੇ ਤੁਰੇ ਹੋ ਤੁਹਾਨੂੰ ਆਪ ਉਸਦਾ ਪੂਰਾ ਗਿਆਨ ਹਾਸਿਲ ਹੋਵੇ ਮੈਂ ਕਈ ਲੋਕਾਂ ਦਾ ਵਿਹਾਰ ਇੰਞ ਦਾ ਵੇਖਿਆ ਪਹਿਲੀ ਗੱਲ ਤੇ ਉਹਨਾਂ ਤੁਹਾਡਾ ਫੋਨ ਨਹੀਂ ਚੁੱਕਣਾ ਜਾਂ ਕਿਸੇ ਵ੍ਹਟਸਐਪ ਮੈਸੇਜ ਦਾ ਜੁਵਾਬ ਨਹੀਂ ਦੇਣਾ ,ਸਾਰੇ ਨਹੀਂ ਪਰ ਜਦੋਂ ਜਿਆਦਾਤਰ ਲੋਕਾਂ ਦਾ ਵਿਹਾਰ ਤੁਹਾਨੂੰ ਪ੍ਰੇਸ਼ਾਨ ਕਰਦਾ ਹੈ ਤਾਂ ਤੁਹਾਡਾ ਜਾਤੀ ਤਜ਼ਰਬਾ ,ਫਿਰ ਸਾਰਿਆਂ ਲਈ ਇੱਕੋ ਹੀ ਧਾਰਨਾ ਆਪਣੇ ਦਿਮਾਗ ਵਿੱਚ ਰੱਖਦਾ ਹੈ ।

✍️ਹਰਵਿੰਦਰ ਕੌਰ ਕਾਹਲੋਂ

## ਐਤਵਾਰ—1(ਕਲਮ ਦੀ ਤਾਕਤ) ਦੋਸਤੋ ਤੁਸੀਂ ਟੈਟ ਦਾ ਪੇਪਰ ਦੇਣ ਜਾ ਰਹੇ ਹੋ ਇਸ ਲਈ ਆਪਣੇ ਆਪ ਤੇ ਵਿਸ਼ਵਾਸ ਰੱਖੋ

# ਟੈਟ ਦਾ ਪੇਪਰ ਦੇਣ ਵਾਲੇ ਅਧਿਆਪਕ ਸਾਥੀਆਂ ਲਈ ਸੁਝਾਅ

ਟੈਟ ਦਾ ਪੇਪਰ ਦੇਣ ਵਾਲੇ ਅਧਿਆਪਕ ਸਾਥੀਆਂ ਲਈ ਸੁਝਾਅ

ਦੋਸਤੋ ਤੁਸੀਂ ਟੈਟ ਦਾ ਪੇਪਰ ਦੇਣ ਜਾ ਰਹੇ ਹੋ ਇਸ ਲਈ ਆਪਣੇ ਆਪ ਤੇ ਵਿਸ਼ਵਾਸ ਰੱਖੋ।

ਇੱਕ ਗੱਲ ਜਰੂਰ ਧਿਆਨ ਵਿੱਚ ਰੱਖੋ ਕਿ ਇਸ ਪੇਪਰ ਵਿੱਚ ਪਾਸ ਹੋਣਾ ਜਾਂ ਨਾ ਹੋਣਾ ਕੋਈ ਇੱਜ਼ਤ ਨਾਲ ਜੁੜਿਆ ਹੋਇਆ ਮੁੱਦਾ ਨਹੀਂ।

ਖਿਡਾਰੀ ਜਿੱਤ ਵੀ ਜਾਂਦੇ ਨੇ ਖਿਡਾਰੀ ਹਰ ਵੀ ਜਾਂਦੇ ਨੇ।

ਇਹ ਜਰੂਰੀ ਨਹੀਂ ਹੁੰਦਾ ਕਿ ਹਰ ਮੁਕਾਮ ਤੇ ਫਤਿਹ ਮਿਲੇ। ਜਰੂਰੀ ਇਹ ਹੁੰਦਾ ਹੈ ਕਿ ਤੁਸੀਂ ਕਿੰਨਾ ਸੰਘਰਸ਼ ਕੀਤਾ। ਇਹ ਬਿਲਕੁਲ ਨਾ ਸੋਚੋ ਕਿ ਜੇ ਪੇਪਰ ਕਲੀਅਰ ਨਾ ਹੋਇਆ ਤਾਂ ਸਕੂਲ ਵਿੱਚ ਬੇਇਜ਼ਤੀ ਹੋ ਜਾਵੇਗੀ। ਇਸ ਤਰ੍ਹਾਂ ਦੀ ਸੋਚ ਤੁਹਾਨੂੰ ਪੇਪਰ ਵਿੱਚ ਆਪਣਾ ਸਹੀ ਪ੍ਰਦਰਸ਼ਨ ਕਰਨ ਤੋਂ ਰੋਕੇਗੀ।

ਪੇਪਰ ਦਿੰਦੇ ਹੋਏ ਕੁਝ ਗੱਲਾਂ ਦਾ ਧਿਆਨ ਰੱਖਣਾ ਹੈ। ਪਹਿਲੀ ਗੱਲ ਤਾਂ ਇਹ ਕਿ ਪ੍ਰਸ਼ਨ ਨੂੰ ਬਹੁਤ ਧਿਆਨ ਨਾਲ ਪੜਨਾ ਹੈ। ਕਾਹਲੀ ਵਿੱਚ ਉੱਤਰ ਬਿਲਕੁਲ ਨਹੀਂ ਦੇਣਾ।

ਪ੍ਰਸ਼ਨ ਦੇ ਚਾਰੋਂ ਉੱਤਰ ਧਿਆਨ ਨਾਲ ਵੇਖਣੇ ਹਨ। ਸੋਚ ਸਮਝ ਕੇ ਜਵਾਬ ਦੇਣਾ ਹੈ।

ਜਿਸ ਸਵਾਲ ਦਾ ਜਵਾਬ ਤੁਹਾਨੂੰ ਨਹੀਂ ਆਉਂਦਾ ਉਸਨੂੰ ਬਾਅਦ ਵਿੱਚ ਹੱਲ ਕਰਨਾ।

ਮਨੋਵਿਗਿਆਨਿਕ ਢੰਗ ਨਾਲ ਬਣਾਏ ਹੋਏ ਇਹਨਾਂ ਪੇਪਰਾਂ ਵਿੱਚ ਸਹੀ ਜਵਾਬ ਨੂੰ ਥੋੜਾ ਜਿਹਾ ਵਿਸਥਾਰ ਦਿੱਤਾ ਹੁੰਦਾ ਹੈ। ਇਹ ਗੱਲ ਧਿਆਨ ਵਿੱਚ ਰੱਖਣਾ।

ਕੋਈ ਵੀ ਪ੍ਰਸ਼ਨ ਛੱਡ ਕੇ ਨਹੀਂ ਆਉਣਾ ਕਿਉਂਕਿ ਨੈਗੇਟਿਵ ਮਾਰਕਿੰਗ ਨਹੀਂ ਹੈ।

ਇੱਕ ਟਰਿਕ ਹੋਰ ਇਸਤੇਮਾਲ ਕਰਨਾ। ਜਿਨਾਂ ਸਵਾਲਾਂ ਦੇ ਜਵਾਬ ਤੁਹਾਨੂੰ ਨਹੀਂ ਆਉਂਦੇ ਉਨਾਂ ਦਾ ਜਵਾਬ ਇੱਕੋ ਹੀ ਦੇਣਾ। ਜਿਵੇਂ ਕਿ ਸਾਰੇ ਸਵਾਲਾਂ ਦਾ ਜਵਾਬ ਬੀ ਆਪਸ਼ਨ। ਇਸ ਨਾਲ ਸਹੀ ਹੋਣ ਦੀ ਪ੍ਰੋਬੇਬਿਲਿਟੀ ਵੱਧਦੀ ਹੈ।

ਇਸ ਤਰ੍ਹਾਂ ਨਾ ਕਰਨਾ ਕਿ ਕਿਸੇ ਦਾ ਸੀ ਕਿਸੇ ਦਾ ਡੀ ਕਿਸੇ ਦਾ ਬੀ।

ਥੋੜੇ ਸਵਾਲ ਹੱਲ ਕਰਕੇ ਨਾਲ ਦੀ ਨਾਲ ਓਐਮਆਰ ਸ਼ੀਟ ਵਿੱਚ ਜਵਾਬ ਭਰ ਦੇਣਾ। ਜੇਕਰ ਤੁਸੀਂ ਇਹ ਸੋਚੋਗੇ ਕਿ ਸਾਰੇ ਜਵਾਬ ਇਕੱਠੇ ਭਰੇ ਜਾਣ ਤਾਂ ਉਹ ਉਚਿਤ ਨਹੀਂ।

ਕਈ ਵਾਰ ਇੱਕ ਜਵਾਬ ਗਲਤ ਨੰਬਰ ਤੇ ਭਰਿਆ ਜਾਂਦਾ ਹੈ ਤੇ ਫਿਰ ਤੁਹਾਡੇ ਸਾਰੇ ਹੀ ਜਵਾਬ ਗਲਤ ਹੋ ਜਾਣਗੇ। ਇਸ ਲਈ 20 ਤੋਂ 25 ਪ੍ਰਸ਼ਨ ਕਰਕੇ ਉਹਨਾਂ ਦੇ ਜਵਾਬ ਭਰ ਦਿਓ। ਆਪਣੇ ਆਪ ਤੇ ਯਕੀਨ ਰੱਖੋ। ਯਕੀਨਨ ਉਮਰ ਦੇ ਇੱਕ ਪੜਾਅ ਵਿੱਚ ਪੇਪਰ ਦੇਣਾ ਔਖਾ ਹੈ।




ਪਰ ਜਦ ਪੇਪਰ ਦੇਣ ਚਲੇ ਹੀ ਗਏ ਤਾਂ ਸਵੈਵਿਸ਼ਵਾਸ ਨਾਲ ਪੇਪਰ ਦਿਓ।ਨੀਲਾ ਜਾਂ ਕਾਲਾ ਬਾਲ ਪੇਨ ਨਾਲ ਲੈ ਕੇ ਜਾਣਾ। ਧਿਆਨ ਨਾਲ ਪੇਪਰ ਹੱਲ ਕਰਨਾ ਹੈ।ਇਹ ਪੇਪਰ ਤੁਹਾਡੀ ਯੋਗਤਾ ਦਾ ਮਾਪਦੰਡ ਨਹੀਂ ਹੈ। ਇਸ ਗੱਲ ਨੂੰ ਯਾਦ ਰੱਖਣਾ। ਲੇਖਕ : ਹਰਪ੍ਰੀਤ ਕੌਰ ਸੰਧੂ।

# ਇਹ ਘਰ ਈਬੂ ਦਾ ਹੈ.....



ਪਿਛਲੇ ਤਕਰੀਬਨ ਦੋ ਸਾਲਾਂ ਤੋਂ ਕੁਝ ਖ਼ਾਸ ਪੜ੍ਹਿਆ ਨਹੀਂ। ਮਨ ਦਾ ਘੋੜਾ ਹੀ ਅਜਿਹਾ ਅੱਥਰਾ ਸੀ ਕਿ ਕਾਬੂ ਵਿੱਚ ਹੀ ਨਹੀਂ ਰਹਿੰਦਾ ਸੀ। ਸੁਖਵਿੰਦਰ ਸੁੱਖੀ ਨਾਲ ਵਾਇਦਾ ਸੀ ਕਿ ਜਦ ਮਨ ਦਾ ਮੌਸਮ ਬਦਲਿਆ ਤਾਂ ਜਿੰਨਾ ਕਿਤਾਬਾਂ ਦਾ ਹੁੰਗਾਰਾ ਭਰਨਾ ਹੈ. ਉਹਨਾਂ ਵਿੱਚ " ਇਹ ਘਰ ਈਬੂ ਦਾ ਹੈ " ਪਹਿਲੀਆਂ ਕਿਤਾਬਾਂ ਵਿੱਚ ਹੋਵੇਗੀ। ਬੀਤੀ ਰਾਤ ਮੈਂ ਇਸ ਕਿਤਾਬ ਦੇ ਅੰਗ ਸੰਗ ਸਾਂ।

ਗੱਲ ਤਾਂ ਗੱਲ ਕਹਿਣ ਦੀ ਹੁੰਦੀ ਏ। ਨਫ਼ਾਸਤ ਅਤੇ ਨਜ਼ਾਕਤ ਨਾਲ ਕਹੀ ਗੱਲ ਕਵਿਤਾ ਹੋ ਜਾਂਦੀ ਹੈ। ਸੁਖਵਿੰਦਰ ਆਪਣੀ ਬੇਟੀ ਦੀ ਆਮਦ ਦਾ ਜਸ਼ਨ ਮਨਾ ਰਿਹਾ ਹੈ ਉਸਦਾ ਵਿਹਾਰ ਅਤੇ ਉਸਦੀ ਕਵਿਤਾ ਸਮਾਜ ਦੇ ਪ੍ਰਵਾਨਿਤ ਵਰਤਾਰਿਆਂ ਖ਼ਿਲਾਫ਼ ਨਾਬਰੀ ਦਾ ਬਿਰਤਾਂਤ ਸਿਰਜ ਰਹੀ ਹੈ। ਅਸਲ ਵਿੱਚ ਸਿਰਜਣਾ ਦਾ ਕਾਰਜ ਹੀ ਇਹੋ ਹੈ ਕਿ ਉਹ ਕਈ ਪੱਧਰਾਂ ਤੇ ਵਿਚਰਦੀ ਹੈ।

ਇੱਕ ਗੱਲ ਜੋ ਥਾਂ ਥਾਂ ਤੇ ਵਾਰ ਵਾਰ ਪ੍ਰਚਾਰੀ ਜਾਂਦੀ ਹੈ ਕਿ ਔਰਤ ਦਾ ਕੋਈ ਘਰ ਨਹੀਂ ਹੁੰਦਾ। ਇਹ ਸਮੁੱਚੀ ਕਿਤਾਬ ਇਸ ਧਰਨਾ ਨੂੰ ਤਹਿਸ ਨਹਿਸ ਕਰਦੀ ਹੈ। ਪੁਸਤਕ ਦੇ ਸਿਰਲੇਖ ਵਿੱਚ ਦੋ ਸ਼ਬਦ ਮਹੱਤਵਪੂਰਨ ਹਨ ਈਬੂ ਅਤੇ ਘਰ। ਬੱਚੇ ਦੇ ਜਨਮ ਤੋਂ ਪਹਿਲਾਂ ਇਹ ਇਮਾਰਤ ਰਿਹਾਇਸ਼ਗਾਹ ਸੀ। ਧੀ ਦੇ ਆਉਣ ਨਾਲ ਹੱਸਦਾ ਖੇਡਦਾ ਧੜਕਦਾ ਮੌਲਦਾ ਘਰ ਬਣ ਗਿਆ। ਏਨਾ ਹੀ ਨਹੀਂ ਘਰੇ ਧੀ ਦੀ ਆਮਦ ਨਾਲ ਬੰਦਾ ਵਧੇਰੇ ਸੰਵੇਦਨਸ਼ੀਲ ਹੋਣ ਦੇ ਰਾਹ ਤੁਰਦਾ ਹੈ। ਇਸ ਕਿਤਾਬ ਦੀਆਂ ਕਵਿਤਾਵਾਂ ਇਸ ਪਾਸੇ ਵੱਲ ਬਹੁਤ ਸੂਖ਼ਮ ਇਸ਼ਾਰੇ ਕਰਦੀਆਂ ਹਨ।

"ਈਬੂ ਨੂੰ
ਰਾਤ ਦਾ ਬੁਖ਼ਾਰ ਚੜ੍ਹਿਆ ਹੈ
ਘਰ ਵਿੱਚ ਸੁੰਨ ਪਸਰ ਗਈ
ਪੂਰਾ ਘਰ ਹੀ ਬਿਮਾਰ ਲੱਗ ਰਿਹਾ"

"ਧੀਆਂ
ਬਾਬਲ ਦੇ ਵਿਹੜੇ
'ਪਰੀਜ਼ਾਦ ਦੇ ਫੁੱਲ ' ਹੁੰਦੀਆਂ
ਜੋ ਕਦੇ ਤੋੜੇ ਨਹੀਂ ਜਾਂਦੇ
ਖ਼ੁਸ਼ਬੋਆਂ ਵੰਡਦੇ ਨੇ "

ਬੰਦਾ ਜਿੱਡਾ ਮਰਜ਼ੀ ਸਿਆਣਾ ਹੋਵੇ, ਪੜ੍ਹਿਆ ਲਿਖਿਆ ਗਿਆਨਵਾਨ ਹੋਵੇ ਉਹ ਬੰਦਾ ਹੋਣ ਤੋਂ ਪਹਿਲਾਂ ਮਰਦ ਲਾਜ਼ਮੀ ਹੁੰਦਾ ਹੈ, ਧੀ ਦੀ ਹਾਜ਼ਰੀ ਵਿੱਚ ਉਹ ਅਸਲ ਵਿੱਚ ਬੰਦਾ ਹੋਣਾ ਸਿੱਖਦਾ ਹੈ। ਬੰਦਾ ਜਿਸ ਅੰਦਰ ਬੰਦਿਆਈ ਜਿਉਂਦੀ, ਧੜਕਦੀ ਮੌਲਦੀ ਹੋਵੇ

" ਧੀ ਵੱਡੀ ਹੋ ਰਹੀ ਆ
ਮੇਰੇ ਫ਼ਿਕਰਾਂ ਨੂੰ ਵੀ
ਹੁਣ ਵੱਡਾ ਹੋ ਜਾਣਾ ਚਾਹੀਦਾ
ਉਸ ਨਾਲ ਖੇਡਦਿਆਂ
ਉਸਨੂੰ ਖੇਡਦੇ ਵੇਖਦਿਆਂ
ਮੇਰੇ ਕਿੰਨੇ ਹੀ ਫ਼ਿਕਰ
ਛੋਟੇ ਹੋਣ ਲੱਗਦੇ
ਮੈਂ ਤਾਂ ਬਸ
ਉਸਦੇ ਸੁਪਨਿਆਂ ਜਿੱਡਾ
ਹੋਣਾ ਲੋਚਦਾ ਹਾਂ

ਸੁਖਵਿੰਦਰ ਨੂੰ ਈਬੂ ਲਈ ਅਤੇ ਇਸ ਕਿਤਾਬ ਲਈ ਬਹੁਤ ਮੁਬਾਰਕ। ਮੈਨੂੰ ਪਤਾ ਹੈ ਕਿ ਇਹ ਮੁਬਾਰਕ ਬਹੁਤ ਦੇਰ ਨਾਲ ਦਿੱਤੀ ਜਾ ਰਹੀ ਹੈ ਪਰ ਇਹ ਸਾਰਾ ਮਨ ਦੇ ਮੌਸਮਾਂ ਦਾ ਚੱਕਰ ਹੈ। ਉਂਞ ਵੀ ਉਹ ਆਪਣਾ ਮੁਨੀਰ ਨਿਆਜ਼ੀ ਕਹਿੰਦਾ ਹੈ ਨਾ
' ਹਮੇਸ਼ਾ ਦੇਰ ਕਰ ਦੇਤਾ ਹੂੰ ਮੈਂ '

ਬਹੁਤ ਬਹੁਤ ਮੁਬਾਰਕ ਸੁਖਵਿੰਦਰ। ਈਬੂ ਲਈ ਬਹੁਤ ਪਿਆਰ ਅਤੇ ਦੁਆਵਾਂ

# *ਅੱਖੀਆਂ *
## ਗੁਰਜੀਤ ਕੌਰ ਰਾਣੂ



ਸਾਰੀ ਰਾਤ ਇਹ ਰੋਈਆਂ ਅੱਖੀਆਂ,
ਬਿਨ ਓਹਦੇ ਨਾ ਸੋਈਆਂ ਅੱਖੀਆਂ I

ਦੁਨੀਆਂ ਤੋਂ ਬੜਾ ਡਰ ਜਿਹਾ ਲੱਗਦਾ,
ਲੋਕਾਂ ਕੋਲੋਂ ਰੱਖ ਲਕੋਈਆਂ ਅੱਖੀਆਂ।

ਕਿੰਝ ਦੱਸਾਂ ਸੱਜਣਾ ਬਿਨਾਂ ਹਨੇਰਾ ਜਾਪੇ,
ਓਹਦੇ ਨਾਲ ਰੁਸ਼ਨਾਈਆ ਅੱਖੀਆਂ ।

ਏਨਾ ਹੀ ਰੂਹ ਚ ਵਸੇਰਾ ਕਰਿਆ,
ਤਾਂਹੀ ਹਰ ਪਲ ਕੁਮਲਾਈਆਂ ਅੱਖੀਆਂ ।

ਰਾਣੂ ਤੇਰੇ ਨਾਮ ਇਹ ਜ਼ਿੰਦੜੀ ਸਾਰੀ,
ਤੇਰੇ ਬਿਨ ਨਾ ਕਿਸੇ ਵੱਲ ਹੋਈਆਂ ਅੱਖੀਆਂ ।

ll ਗੁਰਜੀਤ ਕੌਰ ਰਾਣੂ

# ਦਰਦ ਤੇ ਸਬਕ ਦੋਵੇਂ ਦਿਸਦੇ ਨੇ।*



84 ਦਾ ਸਬਕ — ਪੰਜਾਬ ਦੇ ਪੁੱਤਰਾਂ ਦੇ ਨਾਮ

ਇਹ ਤਸਵੀਰ 1984 ਦੀ ਹੈ।
ਇੱਟਾਂ ਨਹੀਂ ਡਿੱਗੀਆਂ ਸਨ — ਪੰਜਾਬ ਦਾ ਮਾਣ ਡਿੱਗਾ ਸੀ।
ਪਰ ਯਾਦ ਰੱਖੋ — ਅਕਾਲ ਤਖ਼ਤ ਫੇਰ ਉਸਰਿਆ, ਕਿਉਂਕਿ ਕੌਮ ਜਾਗੀ ਸੀ।
ਹੁਣ ਸਵਾਲ ਹੈ — ਕੀ ਅਸੀਂ ਜਾਗੇ ਹਾਂ?

ਨੌਜਵਾਨੋ, ਕੰਨ ਖੋਲ੍ਹ ਕੇ ਸੁਣੋ!

1984 'ਚ ਗੋਲੀ ਕਿਸ ਨੇ ਚਲਾਈ ਸੀ?
ਦਿੱਲੀ ਦੀ ਕੁਰਸੀ ਨੇ।
ਪਰ ਲਾਸ਼ਾਂ ਕਿਸ ਦੀਆਂ ਡਿੱਗੀਆਂ?
ਪੰਜਾਬ ਦੀ ਮਾਂ ਦੇ ਪੁੱਤਾਂ ਦੀਆਂ।

ਸਬਕ 1: ਦੁਸ਼ਮਣ ਨੂੰ ਪਹਿਚਾਣੋ
ਤੇਰਾ ਗੁਆਂਢੀ ਹਿੰਦੂ-ਮੁਸਲਮਾਨ ਤੇਰਾ ਦੁਸ਼ਮਣ ਨਹੀਂ।
ਦੁਸ਼ਮਣ ਉਹ ਹੈ ਜੋ ਤੈਨੂੰ ਧਰਮ ਦੇ ਨਾਮ 'ਤੇ ਲੜਾ ਕੇ ਵੋਟਾਂ ਲੈਂਦਾ ਹੈ।
1984 'ਚ ਵੀ ਇਹੀ ਹੋਇਆ ਸੀ — ਆਗੂਆਂ ਨੇ ਅੱਗ ਲਾਈ, ਪਿੰਡ ਸੜੇ।

ਸਬਕ 2: ਹਥਿਆਰ ਚੁੱਕਣ ਤੋਂ ਪਹਿਲਾਂ ਕਲਮ ਚੁੱਕੋ
ਸੰਤ ਜਰਨੈਲ ਸਿੰਘ ਜੀ ਨੇ ਪਹਿਲਾਂ 2 ਸਾਲ ਸ਼ਾਂਤਮਈ ਮੋਰਚਾ ਲਾਇਆ।
ਜਦੋਂ ਦਿੱਲੀ ਨੇ ਗੱਲ ਨਾ ਸੁਣੀ, ਤਦ ਮਜਬੂਰੀ ਬਣੀ।
ਅੱਜ ਤੇਰੇ ਕੋਲ ਸੋਸ਼ਲ ਮੀਡੀਆ ਹੈ, ਕਾਨੂੰਨ ਹੈ, ਵੋਟ ਹੈ।
ਪਹਿਲਾਂ ਇਹ ਹਥਿਆਰ ਵਰਤੋ। ਗੋਲੀ ਆਖ਼ਰੀ ਰਾਹ ਹੈ।

ਸਬਕ 3: "ਕੌਮ" ਪਹਿਲਾਂ, "ਪਾਰਟੀ" ਬਾਅਦ 'ਚ
1984 'ਚ ਅਸੀਂ ਅਕਾਲੀ-ਕਾਂਗਰਸ-ਕਮਿਊਨਿਸਟ ਬਣ ਕੇ ਲੜੇ।
ਨਤੀਜਾ? 25,000+ ਸਿੱਖ ਮੁੰਡੇ ਮਾਰੇ ਗਏ।
ਮਾਵਾਂ ਦੀਆਂ ਕੁੱਖਾਂ ਸੁੰਨੀਆਂ ਹੋ ਗਈਆਂ।
ਅੱਜ ਵੀ ਜੇ ਪਾਰਟੀਬਾਜ਼ੀ 'ਚ ਪੈ ਕੇ ਆਪਣੇ ਭਰਾ ਨੂੰ ਗਾਲ੍ਹ ਕੱਢੋਗੇ, ਤਾਂ 84 ਦੁਬਾਰਾ ਆਊ।

ਸਬਕ 4: ਦਰਬਾਰ ਸਾਹਿਬ ਸਾਡੀ ਰੂਹ ਹੈ, ਸਿਆਸਤ ਦਾ ਅੱਡਾ ਨਹੀਂ
ਜਦੋਂ ਵੀ ਸਿਆਸਤ ਦਰਬਾਰ ਸਾਹਿਬ 'ਚ ਵੜੀ ਹੈ, ਖ਼ੂਨ ਡੁੱਲ੍ਹਿਆ ਹੈ।
ਗੁਰੂ ਘਰ ਨੂੰ ਗੁਰੂ ਘਰ ਰਹਿਣ ਦਿਓ। ਉੱਥੇ ਸਿਰਫ਼ ਗੁਰਬਾਣੀ ਗੂੰਜਣੀ ਚਾਹੀਦੀ ਹੈ, ਤਕਰੀਰਾਂ ਨਹੀਂ।

ਜਾਗੋ ਸਿੰਘੋ, ਸਿੰਘਣੀਓ!
84 ਭੁੱਲਣਾ ਨਹੀਂ, ਪਰ 84 'ਚ ਫਸਣਾ ਵੀ ਨਹੀਂ।
ਪੰਜਾਬ ਨੂੰ ਸਿਰੜ ਨਾਲ਼ ਬਣਾਉਣਾ ਹੈ।

#ਸਬਕ84 #NeverForget1984 #ਪੰਜਾਬ_ਜਾਗੇ #AkalTakht #SikhHistory


ਸੁਰਜੀਤ ਸਾਰੰਗ
ਮੈਂਬਰ, ਇੰਟਰਨੈਸ਼ਨਲ ਸਿੱਖ ਕੌਂਸਲ
ਨਵੀਂ ਦਿੱਲੀ

# ਜ਼ਿੰਦਗੀ ਕਠੋਰ ਪਾਸਾ ਦਿਖਾਉਂਦੀ ਹੈ।
## ਜਸ ਜੀਤ



ਜ਼ਿੰਦਗੀ ਕਠੋਰ ਪਾਸਾ ਦਿਖਾਉਂਦੀ ਹੈ। ਹੱਸਦੇ ਚਿਹਰੇ ਵੀ ਕਠੋਰ ਹੋ ਜਾਂਦੇ ਨੇ। ਐਨੀ ਕਠੋਰਤਾ 'ਚ ਹੱਸਣਾ ਵੀ ਕਿਸੇ ਔੜਾਂ ਮਾਰੀ ਧਰਤੀ ਤੇ ਪਈ ਕਿਸੇ ਬੂੰਦ ਵਰਗਾ ਲੱਗਦਾ ਹੈ। ਜ਼ਿੰਦਗੀ 'ਚ ਕਿਸੇ ਨੂੰ ਪਰਖਣਾ ਹੋਵੇ ਤਾਂ ਇਹੋ ਜਿਹੇ ਸਮੇਂ ਹੀ ਪਰਖੋ। ਹਾਸਿਆਂ 'ਚ ਠਹਾਕੇ ਲਗਾਉਣ ਨੂੰ ਤਾਂ ਚਾਹੇ ਗਲ਼ੀ 'ਚ ਤੁਰੇ ਜਾਂਦੇ ਕਿਸੇ ਅਜਨਬੀ ਨੂੰ ਵੀ ਹਾਕ ਮਾਰ ਲਓ। ਮੇਰਾ ਤਜ਼ਰਬਾ ਤਾਂ ਇਹੀ ਕਹਿੰਦਾ ਕਿ ਕੋਈ ਵਿਰਲਾ ਹੀ ਖੜ੍ਹਦਾ। ...ਤੇ ਹਾਂ! ਇੱਥੇ ਸਾਰੇ ਆਪਣਾ ਈ ਤਾਂ ਵੇਖਦੇ ਨੇ... ਜਾਇਜ਼ ਵੀ ਹੈ। ਫ਼ਿਰ ਤੁਹਾਡਾ ਆਪਣਾ ਦੇਖਣ ਦੀ ਗੱਲ ਕਰਨੀ ਨਜਾਇਜ਼ ਕਿਵੇਂ ਹੋ ਜਾਂਦੀ?
ਪੱਤਝੜ੍ਹ ਆਈ ਹੈ ਤਾਂ ਬਸੰਤ ਵੀ ਰਾਹ ਵਿੱਚ ਹੀ ਹੈ। ਸੁੱਕੀਆਂ ਪੱਤੀਆਂ ਡਿੱਗੀਆਂ ਨੇ ਤਾਂ ਨਵੀਆਂ ਕਰੂੰਬਲਾਂ ਦੇ ਫੁੱਟਣ ਦੀ ਰੁੱਤ ਵੀ ਆਈ ਲਓ।
ਜ਼ਿੰਦਗੀ ਦਾ ਹਰ ਪਲ ਸਵਾਗਤ ਕਰਦੇ ਰਹਿਣਾ ਈ ਤਾਂ ਇੱਕ ਆਸ ਏ...
ਸਭ ਦੀਆਂ ਆਸਾਂ ਨੂੰ ਬੂਰ ਪਵੇ..
ਜਸ ਜੀਤ

# ਸੁਣ ਲਉ ਧੀਆਂ ਵਾਲਿਓਂ ਕਰਿਓ ਇੱਕ ਵਿਚਾਰ ਪਾਲ ਕੇ ਪੁੱਤਾਂ ਵਾਂਗਰਾਂ ਕੀਤਾ ਤੁਸੀਂ ਪਰਉਪਕਾਰ



ਸੁਣ ਲਉ ਧੀਆਂ ਵਾਲਿਓਂ
ਕਰਿਓ ਇੱਕ ਵਿਚਾਰ
ਪਾਲ ਕੇ ਪੁੱਤਾਂ ਵਾਂਗਰਾਂ
ਕੀਤਾ ਤੁਸੀਂ ਪਰਉਪਕਾਰ
ਅਣਖ਼ ਨਾਲ ਜਿਓਣਾ
ਤੁਸੀਂ ਸਿਖਾਇਆ
ਤਾਹੀਓਂ ਬਾਪੂ ਉਸਦਾ
ਅਖਵਾਉਂਦਾ ਸਰਦਾਰ
ਮਾਪਿਆਂ ਦੇ ਸਿਰ ਤੇ
ਪਰੀਆਂ ਅਖਵਾਉਂਦੀਆ
ਮਾਪਿਆਂ ਦੇ ਸਿਰ ਤੇ
ਕਰਦੀਆਂ ਨੇ ਇਹ ਰਾਜ
ਪੁੱਤਾਂ ਨਾਲੋਂ ਵੱਧ ਕੇਇਹ
ਕਰਦੀਆਂ ਰਾਜ ਦੁਲਾਰ
ਹਰ ਵੇਲੇ ਮੰਗਦੀਆਂ
ਮਾਪਿਆਂ ਦੀ ਸੁੱਖ ਸਾਂਦ
ਕਰੇ ਵਿਦਾ ਜਦੋਂ ਬਾਬਲਾ
ਵਗਦੀ ਹਰ ਅੱਖ ਚ ਧਾਰ
ਇਸ ਵਿਛੋੜੇ ਦਾ ਦੁੱਖ
ਮਾਵਾਂ ਕੋਲੋ ਹੁੰਦਾ ਨਾ ਸਹਾਰ
ਧੀਆਂ ਬਾਝੋ ਪੁੱਤਰਾਂ ਵਾਲਿਓਂ
ਵੱਧਦਾ ਨਾ ਪਰਿਵਾਰ
ਧੀਆਂ ਬਾਝੋ ਦੁਨੀਆਂ ਵਾਲਿਓਂ
ਫੱਬਦਾ ਕੋਈ ਨਾ ਤਿਉਹਾਰ
ਧੀਆਂ ਨਾਲ ਵਿਹੜੇ ਹਰੇ ਭਰੇ
ਧੀਆਂ ਨਾਲ ਵਧੇ ਸੰਸਾਰ
ਧੀਆਂ ਰੌਣਕ ਵਿਹੜੇ ਦੀ
ਧੀਆਂ ਬਿਨਾਂ ਨਾ ਹਾਰ ਸਿੰਗਾਰ
ਜੰਮਣ ਤੋਂ ਮਰਨ ਤੱਕ ਇਹ
ਰੀਤ ਨਿਭਾਉਂਦੀਆ
ਮਾਪੇ ਮਰਨ ਤੇ ਉਡੀਕਦੇ
ਧੀਆਂ ਨੂੰ ਆਖਰੀ ਵਾਰ
ਰਮਨ ਧੀਆਂ ਬਾਝੋ
ਰਿਸ਼ਤੇਦਾਰੀਆਂ ਮੁੱਕੀਆਂ
ਧੀਆਂ ਬਾਝੋ ਮੁੱਕਾ ਹਰ
ਘਰ ਪਰਿਵਾਰ
ਰਮਨਦੀਪ ਕੌਰ

**ਕਲਮ ਦੀ ਤਾਕਤ** ਤੇਰੇ ਸਾਰੇ ਪੁੱਤਰ, ਤੇਰੀਆਂ ਸਾਰੀਆਂ ਧੀਆਂ - ਤੂੰ ਹੀ ਉਹਨਾਂ ਨੂੰ ਮੜ੍ਹੀਆਂ ਤੱਕ ਪਹੁੰਚਾਏਂਗਾ।

# ਰਾਜਾ ਭੋਜ ਦੇ ਦਰਬਾਰ ਵਿੱਚ ਇੱਕ ਜੋਤਸ਼ੀ ਆਇਆ। ਉਸਨੇ ਰਾਜਾ ਭੋਜ ਦਾ ਹੱਥ ਦੇਖਿਆ ਅਤੇ ਕਿਹਾ

ਰਾਜਾ ਭੋਜ ਦੇ ਦਰਬਾਰ ਵਿੱਚ ਇੱਕ ਜੋਤਸ਼ੀ ਆਇਆ। ਉਸਨੇ ਰਾਜਾ ਭੋਜ ਦਾ ਹੱਥ ਦੇਖਿਆ ਅਤੇ ਕਿਹਾ ਕਿ ਤੂੰ ਬਹੁਤ ਹੀ ਅਭਾਗਾ ਵਿਅਕਤੀ ਹੈਂ। ਆਪਣੇ ਪੁੱਤਰ ਦੀ ਅਰਥੀ ਨੂੰ ਤੂੰ ਹੀ ਮੋਢਾ ਦੇਵੇਂਗਾ। ਆਪਣੀ ਪਤਨੀ ਦੀ ਅਰਥੀ ਨੂੰ ਵੀ ਤੂੰ ਹੀ ਚੁੱਕੇਂਗਾ। ਤੇਰੇ ਸਾਰੇ ਪੁੱਤਰ, ਤੇਰੀਆਂ ਸਾਰੀਆਂ ਧੀਆਂ - ਤੂੰ ਹੀ ਉਹਨਾਂ ਨੂੰ ਮੜ੍ਹੀਆਂ ਤੱਕ ਪਹੁੰਚਾਏਂਗਾ। ਇਹ ਸੁਣ ਕੇ ਭੋਜ ਨੇ ਗੁੱਸੇ ਵਿੱਚ ਉਸ ਜੋਤਸ਼ੀ ਨੂੰ ਹੱਥਕੜੀਆਂ ਲਗਵਾ ਦਿੱਤੀਆਂ ਅਤੇ ਕਿਹਾ, "ਇਸ ਨੂੰ ਲਿਜਾ ਕੇ ਜੇਲ੍ਹ ਵਿੱਚ ਬੰਦ ਕਰ ਦਿਓ। ਕਿਵੇਂ ਬੋਲਣਾ ਚਾਹੀਦਾ ਹੈ, ਇਸ ਨੂੰ ਇਹ ਵੀ ਪਤਾ ਨਹੀਂ ਹੈ। ਇਹ ਕੀ ਬੋਲ ਰਿਹਾ ਹੈ ਪਾਗਲ!"
ਕਾਲੀਦਾਸ ਬੈਠ ਕੇ ਇਹ ਸਾਰੀ ਗੱਲ ਸੁਣ ਰਹੇ ਸਨ। ਜਦੋਂ ਉਹ ਜੋਤਸ਼ੀ ਚਲਾ ਗਿਆ ਤਾਂ ਕਾਲੀਦਾਸ ਨੇ ਕਿਹਾ, "ਮਹਾਰਾਜ, ਕੀ ਮੈਂ ਵੀ ਤੁਹਾਡਾ ਹੱਥ ਦੇਖਾਂ?" ਕਾਲੀਦਾਸ ਨੇ ਹੱਥ ਦੇਖਿਆ ਅਤੇ ਕਿਹਾ, "ਤੁਸੀਂ ਬਹੁਤ ਭਾਗਾਂ ਵਾਲੇ ਹੋ। ਤੁਸੀਂ ਸੌ ਸਾਲ ਤੋਂ ਵੀ ਵੱਧ ਜੀਓਗੇ। ਤੁਹਾਨੂੰ ਬਹੁਤ ਲੰਬੀ ਉਮਰ ਮਿਲੀ ਹੈ। ਤੁਸੀਂ ਇੰਨੇ ਕਿਸਮਤ ਵਾਲੇ ਹੋ ਕਿ ਤੁਹਾਡੇ ਧੀਆਂ-ਪੁੱਤਰ ਵੀ ਤੁਹਾਡੀ ਉਮਰ ਤੱਕ ਨਹੀਂ ਪਹੁੰਚ ਸਕਣਗੇ, ਉਹ ਪਿੱਛੇ ਰਹਿ ਜਾਣਗੇ।"
ਫਿਰ ਕਾਲੀਦਾਸ ਨੇ ਕਿਹਾ, "ਉਸ ਜੋਤਸ਼ੀ ਨੂੰ ਇਨਾਮ ਦੇ ਕੇ ਵਿਦਾ ਕਰ ਦੇਣਾ ਚਾਹੀਦਾ ਹੈ।
ਰਾਜੇ ਨੇ ਪੁੱਛਿਆ, "ਕੀ ਉਹ ਵੀ ਇਹੀ ਕਹਿੰਦਾ ਸੀ?"
ਕਾਲੀਦਾਸ ਨੇ ਕਿਹਾ, "ਉਹ ਵੀ ਇਹੀ ਕਹਿ ਰਿਹਾ ਸੀ, ਪਰ ਉਸ ਦੇ ਕਹਿਣ ਦਾ ਤਰੀਕਾ ਕੁਝ ਗਲਤ ਸੀ।"
ਰਾਜਾ ਭੋਜ ਨੂੰ ਗੱਲ ਕੁਝ ਸਮਝ ਆਈ ਤੇ ਉਸ ਜੋਤਸ਼ੀ ਤੇ ਕੁਝ ਤਰਸ ਵੀ ਆਇਆ। ਕਾਲੀਦਾਸ ਦੇ ਕਹਿਣ 'ਤੇ ਉਸ ਨੇ ਉਸ (ਜੋਤਸ਼ੀ) ਨੂੰ ਬਹੁਤ ਸਾਰਾ ਧਨ ਇਨਾਮ ਵਜੋਂ ਦਿੱਤਾ ਅਤੇ ਸਤਿਕਾਰ ਨਾਲ ਵਿਦਾ ਕੀਤਾ। ਵਿਦਾਈ ਵੇਲੇ ਉਸ ਨੂੰ ਕਿਹਾ, "ਮੇਰੇ ਮਿੱਤਰ, ਜੇ ਤੂੰ ਇਹੀ ਕਹਿਣਾ ਸੀ ਤਾਂ ਥੋੜ੍ਹਾ ਢੰਗ ਨਾਲ ਕਿਉਂ ਨਹੀਂ ਕਿਹਾ? ਇਹ ਕਹਿਣ ਦਾ ਤੂੰ ਕਿਹੜਾ ਰੁੱਖਾ ਜਿਹਾ ਤਰੀਕਾ ਚੁਣਿਆ ਸੀ!"
ਜੋਸ਼ੁਆ ਲੀਬਮੈਨ ਨਾਂ ਦਾ ਇੱਕ ਯਹੂਦੀ ਚਿੰਤਕ ਅਤੇ ਪਾਦਰੀ ਸੀ। ਉਸਨੇ ਆਪਣੀਆਂ ਯਾਦਾਂ ਵਿੱਚ ਲਿਖਿਆ ਹੈ ਕਿ ਜਦੋਂ ਮੈਂ ਜਵਾਨ ਸੀ ਅਤੇ ਪਹਿਲੀ ਵਾਰ ਗੁਰੂ ਦੇ ਆਸ਼ਰਮ ਵਿੱਚ ਸਿੱਖਿਆ ਲੈਣ ਗਿਆ, ਤਾਂ ਮੇਰਾ ਇੱਕ ਮਿੱਤਰ ਵੀ ਮੇਰੇ ਨਾਲ ਸੀ। ਸਾਨੂੰ ਦੋਵਾਂ ਨੂੰ ਸਿਗਰਟ ਪੀਣ ਦੀ ਆਦਤ ਸੀ। ਅਸੀਂ ਦੋਵੇਂ ਪਰੇਸ਼ਾਨ ਸੀ ਕਿ ਹੁਣ ਕੀ ਕਰੀਏ ਤੇ ਕੀ ਨਾ ਕਰੀਏ? ਸਿਰਫ਼ ਇੱਕ ਘੰਟਾ ਮੱਠ (monastery) ਤੋਂ ਬਾਹਰ ਰੱਬ ਦੀ ਬੰਦਗੀ (ਈਸ਼ਵਰ-ਚਿੰਤਨ) ਲਈ ਬਗੀਚੇ ਵਿੱਚ ਜਾਣ ਨੂੰ ਮਿਲਦਾ ਸੀ, ਉਸੇ ਵੇਲੇ ਸਿਗਰਟ ਪੀ ਸਕਦੇ ਸੀ, ਹੋਰ ਕੋਈ ਮੌਕਾ ਨਹੀਂ ਸੀ। ਪਰ ਫਿਰ ਵੀ ਇਹ ਸੋਚਿਆ ਕਿ ਪੀਣ ਤੋਂ ਪਹਿਲਾਂ ਗੁਰੂ ਜੀ ਨੂੰ ਪੁੱਛ ਲੈਣਾ ਚੰਗਾ ਹੈ। ਇਸ ਲਈ ਮੈਂ ਅਤੇ ਮੇਰਾ ਮਿੱਤਰ ਦੋਵੇਂ ਪੁੱਛਣ ਗਏ। ਜਦੋਂ ਮੈਂ ਪੁੱਛ ਕੇ ਵਾਪਸ ਆਇਆ ਤਾਂ ਮੈਂ ਬਹੁਤ ਗੁੱਸੇ ਵਿੱਚ ਸੀ, ਕਿਉਂਕਿ ਗੁਰੂ ਜੀ ਨੇ ਮੈਨੂੰ ਮਨ੍ਹਾ ਕਰ ਦਿੱਤਾ ਸੀ। ਅਤੇ ਜਦੋਂ ਮੈਂ ਬਗੀਚੇ ਵਿੱਚ ਆਇਆ ਤਾਂ ਮੇਰਾ ਗੁੱਸਾ ਹੋਰ ਵੱਧ ਗਿਆ, ਮੇਰਾ ਮਿੱਤਰ ਤਾਂ ਉੱਥੇ ਬੈਂਚ 'ਤੇ ਬੈਠਾ ਸਿਗਰਟ ਪੀ ਰਿਹਾ ਸੀ। ਲੱਗਦਾ ਸੀ ਗੁਰੂ ਜੀ ਨੇ ਉਸ ਨੂੰ ਹਾਂ ਕਰ ਦਿੱਤੀ ਹੈ। ਇਹ ਤਾਂ ਬੜੀ ਨਾਇਨਸਾਫ਼ੀ ਸੀ। ਮੈਂ ਜਾ ਕੇ ਉਸ ਮਿੱਤਰ ਨੂੰ ਕਿਹਾ, "ਮੈਨੂੰ ਤਾਂ ਉਨ੍ਹਾਂ ਨੇ ਮਨ੍ਹਾ ਕਰ ਦਿੱਤਾ ਹੈ, ਕੀ ਤੈਨੂੰ ਹਾਂ ਕਰ ਦਿੱਤੀ ਹੈ? ਜਾਂ ਤੂੰ ਉਨ੍ਹਾਂ ਦੀ ਇਜਾਜ਼ਤ ਤੋਂ ਬਿਨਾਂ ਹੀ ਸਿਗਰਟ ਪੀ ਰਿਹਾ ਹੈਂ?"
ਉਸ ਮਿੱਤਰ ਨੇ ਪੁੱਛਿਆ, "ਤੂੰ ਕੀ ਪੁੱਛਿਆ ਸੀ?"
ਲੀਬਮੈਨ ਨੇ ਕਿਹਾ, "ਮੈਂ ਪੁੱਛਿਆ ਸੀ ਕਿ ਕੀ ਅਸੀਂ ਬੰਦਗੀ ਕਰਦੇ ਸਮੇਂ ਸਿਗਰਟ ਪੀ ਸਕਦੇ ਹਾਂ? ਉਨ੍ਹਾਂ ਨੇ ਕਿਹਾ ਕਿ ਨਹੀਂ, ਬਿਲਕੁਲ ਨਹੀਂ। ਤੂੰ ਕੀ ਪੁੱਛਿਆ ਸੀ?"
ਉਸ ਨੇ ਕਿਹਾ, "ਮੈਂ ਪੁੱਛਿਆ ਸੀ ਕਿ ਕੀ ਅਸੀਂ ਸਿਗਰਟ ਪੀਂਦੇ ਸਮੇਂ ਬੰਦਗੀ ਕਰ ਸਕਦੇ ਹਾਂ? ਉਨ੍ਹਾਂ ਨੇ ਕਿਹਾ, ਹਾਂ, ਬਿਲਕੁਲ ਕਰ ਸਕਦੇ ਹੋ।" ਇਹ ਦੋਵੇਂ ਗੱਲਾਂ ਬਿਲਕੁਲ ਇੱਕੋ ਜਿਹੀਆਂ ਸਨ: ਬੰਦਗੀ ਕਰਦੇ ਸਮੇਂ ਸਿਗਰਟ ਪੀਣੀ ਜਾਂ ਸਿਗਰਟ ਪੀਂਦੇ ਸਮੇਂ ਬੰਦਗੀ ਕਰਨੀ। ਪਰ ਦੋਵੇਂ ਗੱਲਾਂ ਬਿਲਕੁਲ ਵੱਖਰੀਆਂ ਹੋ ਗਈਆਂ। ਇੱਕ ਗੱਲ ਦੇ ਜਵਾਬ ਵਿੱਚ ਉਸੇ ਆਦਮੀ ਨੇ ਨਾਂਹ ਕਰ ਦਿੱਤੀ, ਦੂਜੀ ਗੱਲ ਦੇ ਜਵਾਬ ਵਿੱਚ ਉਸੇ ਆਦਮੀ ਨੇ ਹਾਂ ਕਰ ਦਿੱਤੀ।



ਨਿਸ਼ਚਤ ਹੀ ਕੌਣ ਸਵੀਕਾਰ ਕਰੇਗਾ ਕਿ ਬੰਦਗੀ ਕਰਦੇ ਸਮੇਂ ਸਿਗਰਟ ਪੀਓ? ਪਰ ਕੌਣ ਇਨਕਾਰ ਕਰੇਗਾ ਕਿ ਸਿਗਰਟ ਪੀਂਦੇ ਸਮੇਂ ਰੱਬ ਨੂੰ ਯਾਦ ਕਰੋ ਜਾਂ ਨਾ ਕਰੋ? ਕੋਈ ਵੀ ਕਹੇਗਾ ਕਿ ਚੰਗੀ ਗੱਲ ਹੈ। ਜੇ ਸਿਗਰਟ ਪੀਂਦੇ ਸਮੇਂ ਵੀ ਰੱਬ ਦਾ ਚਿੰਤਨ ਕਰਦੇ ਹੋ ਤਾਂ ਬੁਰਾ ਕੀ ਹੈ, ਠੀਕ ਹੈ।
ਉਸ ਦੂਜੇ ਨੌਜਵਾਨ ਨੇ ਕਿਹਾ, "ਪਹਿਲਾਂ ਮੇਰੇ ਮਨ ਵਿੱਚ ਵੀ ਉਹੀ ਪੁੱਛਣ ਦਾ ਖ਼ਿਆਲ ਆਇਆ ਸੀ, ਕਿਉਂਕਿ ਸਿੱਧੀ ਗੱਲ ਉਹੀ ਸੀ। ਪਰ ਫਿਰ ਤੁਰੰਤ ਮੈਨੂੰ ਖ਼ਿਆਲ ਆਇਆ ਕਿ ਗਲਤੀ ਹੋ ਜਾਵੇਗੀ। ਜੇ ਮੈਂ ਪੁੱਛਦਾ ਹਾਂ ਕਿ ਬੰਦਗੀ ਕਰਦੇ ਸਮੇਂ ਸਿਗਰਟ ਪੀ ਸਕਦਾ ਹਾਂ, ਤਾਂ ਮੈਨੂੰ ਪਹਿਲਾਂ ਹੀ ਪਤਾ ਸੀ ਕਿ ਜਵਾਬ 'ਨਹੀਂ' ਵਿੱਚ ਮਿਲਣ ਵਾਲਾ ਹੈ।"
ਲੀਬਮੈਨ ਨੇ ਲਿਖਿਆ ਹੈ ਕਿ ਫਿਰ ਮੈਂ ਜ਼ਿੰਦਗੀ ਵਿੱਚ ਬਹੁਤ ਵਾਰ ਇਸ ਦੀ ਵਰਤੋਂ ਕੀਤੀ। ਅਤੇ ਉਦੋਂ ਤਾਂ ਹੌਲੀ-ਹੌਲੀ ਮੈਨੂੰ ਸਮਝ ਆਇਆ ਕਿ ਦੂਜੇ ਆਦਮੀ ਤੋਂ 'ਹਾਂ' ਜਾਂ 'ਨਾਂ' ਕਢਵਾ ਲੈਣਾ ਉਸ ਆਦਮੀ ਦੇ ਹੱਥ ਵਿੱਚ ਨਹੀਂ, ਤੁਹਾਡੇ ਹੱਥ ਵਿੱਚ ਹੈ। ਉਸ ਦੂਜੇ ਆਦਮੀ ਨੂੰ ਪਤਾ ਵੀ ਨਹੀਂ ਲੱਗਦਾ ਕਿ ਤੁਸੀਂ ਕਦੋਂ ਉਸ ਤੋਂ ਹਾਂ ਕਰਵਾ ਲਈ ਹੈ ਜਾਂ ਕਦੋਂ ਨਾਂ। ਅਤੇ ਜੇ ਦੂਜਾ ਆਦਮੀ 'ਨਾਂ' ਕਰਦਾ ਹੈ, ਤਾਂ ਸੋਚ ਲੈਣਾ ਚਾਹੀਦਾ ਹੈ ਕਿ ਸਾਡੇ ਕੋਲੋਂ ਕਿਤੇ ਕੋਈ ਗਲਤੀ ਹੋ ਗਈ ਹੈ। ਹੋ ਸਕਦਾ ਹੈ ਸਾਡੇ ਭਾਵ ਬਿਲਕੁਲ ਸਹੀ ਹੋਣ, ਸਾਡਾ ਵਿਚਾਰ ਸਹੀ ਹੋਵੇ, ਸਿਰਫ਼ ਸਾਡਾ ਪੇਸ਼ ਕਰਨ ਦਾ ਤਰੀਕਾ ਗਲਤ ਹੋ ਗਿਆ ਹੋਵੇਗਾ। ਨਹੀਂ ਤਾਂ ਇਸ ਦੁਨੀਆ ਵਿੱਚ ਕੋਈ ਵੀ ਆਦਮੀ 'ਨਾਂ' ਕਹਿਣ ਲਈ ਤਿਆਰ ਨਹੀਂ ਹੈ। ਹਰ ਆਦਮੀ 'ਹਾਂ' ਕਹਿਣਾ ਚਾਹੁੰਦਾ ਹੈ। ਪਰ 'ਹਾਂ' ਕਹਾਉਣ ਵਾਲੇ ਲੋਕ, ਉਨ੍ਹਾਂ ਦੀ ਤਿਆਰੀ, ਉਨ੍ਹਾਂ ਦੀ ਸਮਝ, ਉਨ੍ਹਾਂ ਦੀ ਸੂਝ - ਇਹ ਸਭ 'ਤੇ ਨਿਰਭਰ ਕਰਦਾ ਹੈ ਕਿ ਅਸੀਂ ਗੱਲ ਨੂੰ ਪੇਸ਼ ਕਿਵੇਂ ਕਰਦੇ ਹਾਂ।
— ਓਸ਼ੋ 🍀 (ਅਨੁਵਾਦ: #ਮੀਤ_ਅਨਮੋਲ)

# ਦਫ਼ਤਰ ਸਿਵਲ ਸਰਜਨ ਤਰਨ ਤਾਰਨ ਵਿਖ਼ੇ ਵਿਸ਼ਵ ਮਲੇਰੀਆ ਦਿਵਸ ਮਨਾਇਆ




**ਤਰਨ ਤਾਰਨ ,ਚੋਹਲਾ ਸਾਹਿਬ 25 (ਗੁਰਪ੍ਰੀਤ ਸਿੰਘ ਕੱਦ ਗਿੱਲਸਨਦੀਪ ਸਿੱਧੂ,ਪਰਮਿੰਦਰ ਚੋਹਲਾ) |**

ਸਿਹਤ ਮੰਤਰੀ ਡਾਕਟਰ ਬਲਬੀਰ ਸਿੰਘ ਦੀਆਂ ਹਦਾਇਤਾਂ ਅਤੇ ਸਿਵਲ ਸਰਜਨ ਡਾਕਟਰ ਗੁਰਪ੍ਰੀਤ ਸਿੰਘ ਰਾਏ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਸਿਵਲ ਸਰਜਨ ਦਾ ਦਫਤਰ ਤਰਨ ਤਾਰਨ ਵਿਖੇ ਵਿਸ਼ਵ ਮਲੇਰੀਆ ਦਿਵਸ ਮਨਾਇਆ ਗਿਆ।ਇਸ ਮੌਕੇ ਸਿਵਲ ਸਰਜਨ ਡਾਕਟਰ ਗੁਰਪ੍ਰੀਤ ਸਿੰਘ ਰਾਏ ਨੇ ਕਿਹਾ ਕਿ 25ਅਪ੍ਰੈਲ ਨੂੰ ਦੁਨੀਆਂ ਭਰ ਦੇ ਵਿੱਚ ਵਿਸ਼ਵ ਮਲੇਰੀਆ ਦਿਵਸ ਮਨਾਇਆ ਜਾਂਦਾ ਹੈ ਹੈ। ਇਸ ਦਿਵਸ ਨੂੰ ਮਨਾਉਣ ਦਾ ਉਦੇਸ਼ ਆਮ ਨਾਗਰਿਕਾਂ ਨੂੰ ਮਲੇਰੀਏ ਦੇ ਲੱਛਣਾਂ ਅਤੇ ਬਚਾਓ ਸਬੰਧੀ ਜਾਗਰੂਕ ਕਰਨਾ ਹੈ ਉਹਨਾਂ ਕਿਹਾ ਕਿ ਜਿਲ੍ਹੇ ਦੇ ਸਾਰੇ ਬਲਾਕਾਂ ਦੇ ਵਿੱਚ ਪੀਐਚਸੀ ਤੇ ਸਬ ਸੈਂਟਰਾਂ ਦੇ ਵਿੱਚ ਮਲੇਰੀਏ ਦੇ ਲੱਛਣ ਅਤੇ ਇਲਾਜ ਸਬੰਧੀ ਜਾਣਕਾਰੀ ਦਿੱਤੀ ਜਾਵੇਗੀ ।ਜਿਲਾ ਐਪੀਡਮਾਲੋਜਿਸਟ ਡਾਕਟਰ ਰਾਘਵ ਗੁਪਤਾ ਨੇ ਕਿਹਾ ਜਿਲੇ ਦੇ ਵੱਖ ਵੱਖ ਸਰਕਾਰੀ ਸਕੂਲਾਂ ਦੇ ਵਿੱਚ, ਭੱਠਿਆਂ ਅਤੇ ਹੋਰ ਹਾਈ ਰਿਸਕ ਸਥਾਨਾਂ ਦੇ ਉੱਪਰ ਲੋਕਾਂ ਨੂੰ ਆਈ ਸੀ ਸੀ ਗਤੀਵਿਧੀਆਂ ਰਾਹੀਂ ਜਾਗਰੂਕ ਕੀਤਾ ਜਾਵੇਗਾ ਤਾਂ ਜੋ ਲੋਕ ਇਸ ਰੋਗ ਤੋਂ ਬਚ ਸਕਣ। ਉਹਨਾਂ ਦੱਸਿਆ ਤੇਜ ਬੁਖਾਰ ਠੰਡ ਲੱਗ ਕੇ ਚੜ੍ਹਨਾ ,ਮੁੜਕਾ ਆ ਕੇ ਉੱਤਰਣਾ, ਸਿਰ ਦਰਦ ਥਕਾਵਟ ਅਤੇ ਸਰੀਰ ਵਿੱਚ ਭੱਜ ਟੁੱਟ ਘਬਰਾਹਟ ਦੇ ਨਾਲ ਨਾਲ ਕੰਬਣੀ ਛੇੜਨਾ ਪ੍ਰਮੁੱਖ ਲੱਛਣ ਹਨ। ਉਹਨਾਂ ਕਿਹਾ ਕਿ ਜੇਕਰ ਕਿਸੇ ਵੀ ਵਿਅਕਤੀ ਨੂੰ ਇਸ ਤਰਾਂ ਦੇ ਲੱਛਣ ਮਹਿਸੂਸ ਹੋਣ ਤਾਂ ਨਜ਼ਦੀਕੀ ਸਿਹਤ ਕੇਂਦਰ ਵਿੱਚ ਆਪਣੇ ਖੂਨ ਦੀ ਜਾਂਚ ਕਰਾਉਣ ।ਇਹ ਟੈਸਟ ਸਾਰੇ ਜਿਲੇ ਦੇ ਵਿੱਚ ਮੁਫਤ ਕੀਤਾ ਜਾਂਦਾ ਹੈ ਤੇ ਉਸ ਉਪਰੰਤ ਰੈਡੀਕਲ ਟਰੀਟਮੈਂਟ ਬਿਲਕੁਲ ਫਰੀ ਕੀਤਾ ਜਾਂਦਾ ਹੈ ।ਆਮ ਜਨਤਾ ਨੂੰ ਆਪਣੇ ਆਲੇ ਦੁਆਲੇ ਛੋਟੇ ਟੋਇਆਂ ਦੇ ਵਿੱਚ ਪਾਣੀ ਇਕੱਠਾ ਨਹੀਂ ਹੋਣ ਦੇਣਾ ਚਾਹੀਦਾ ।ਖੜੇ ਪਾਣੀ ਦੇ ਵਿੱਚ ਕਾਲੇ ਸੜੇ ਤੇਲ ਦਾ ਛੜਕਾ ਕਰਨਾ, ਮੌਜੂਦਾ ਮੌਸਮ ਦੇ ਵਿੱਚ ਪੂਰੀਆਂ ਬਾਹਾਂ ਵਾਲੇ ਕੱਪੜੇ ਪਾਉਣਾ ਤਾਂ ਜੋ ਮੱਛਰ ਤੇ ਕੱਟਣ ਤੋਂ ਬਚਿਆ ਜਾ ਸਕੇ।ਆਲੇ ਦੁਆਲੇ ਦੀ ਸਫਾਈ ਕਰਕੇ ਅਸੀਂ ਮਲੇਰੀਆ ਬੁਖਾਰ ਤੋਂ ਬਚ ਸਕਦੇ ਹਾਂ। ਜਿਲ੍ਹਾ ਮਾਸ ਮੀਡੀਆ ਅਫ਼ਸਰ ਸੁਖਵੰਤ ਸਿੰਘ ਸਿੱਧੂ ਨੇ ਕਿਹਾ ਕਿ ਜੇਕਰ ਕਿਸੇ ਵੀ ਵਿਅਕਤੀ ਨੂੰ ਇਸ ਤਰ੍ਹਾਂ ਦੇ ਲੱਛਣ ਹੋਣ ਤਾਂ ਨਜਦੀਕੀ ਸਿਹਤ ਕੇਂਦਰਾਂ ਵਿੱਚ ਫ੍ਰੀ ਖੂਨ ਦੀ ਜਾਂਚ ਅਤੇ ਫਰੀ ਇਲਾਜ਼ ਕਰਵਾਉਣ। ਇਸ ਮੌਕੇ ਜਿਲ੍ਹਾ ਪਰਿਵਾਰ ਭਲਾਈ ਅਫਸਰ ਡਾਕਟਰ ਭਾਰਤੀ ਧਵਨ, ਜਿਲਾ ਟੀਕਾਕਰਨ ਅਫ਼ਸਰ ਡਾਕਟਰ ਵਰਿੰਦਰਪਾਲ ਕੌਰ, ਜਿਲ੍ਹਾ ਸਿਹਤ ਅਫ਼ਸਰ ਡਾਕਟਰ ਸੁਖਬੀਰ ਕੌਰ, ਡੀ ਡੀ ਐਚ ਓ ਸੰਦੀਪ ਬੰਬੂਰੀਆ,ਐਸ ਐਮ ਓ ਡਾਕਟਰ ਸੁਰਿੰਦਰ ਕੁਮਾਰ, ਮਾਸ ਮੀਡੀਆ ਅਫਸਰ ਬਲਜਿੰਦਰ ਕੌਰ, ਗੁਰਦੇਵ ਸਿੰਘ ਢਿੱਲੋ ਸੁਪਰਵਾਈਜਰ, ਭੁਪਿੰਦਰ ਸਿੰਘ ਸੁਪਰਵਾਂਈਜ਼ਰ, ਅਮਰਜੀਤ ਸਿੰਘ ਢੋਟੀਆਂ, ਰਜਵੰਤ ਬਾਗੜੀਆਂ, ਜਸਪਿੰਦਰ ਸਿੰਘ, ਪ੍ਰਦੀਪ ਸਿੰਘ, ਮਨਜਿੰਦਰ ਸਿੰਘ, ਮਨਦੀਪ ਸਿੰਘ, ਆਰੂਸ ਭੱਲਾ, ਸਿਮਰਜੀਤ ਸਿੰਘ ਆਦਿ ਹਾਜ਼ਰ ਸਨ।

# ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਸਰਹਾਲੀ 'ਚ ਇਮਤਿਹਾਨਾਂ ਵਿੱਚ ਵਿਦਿਆਰਥੀਆਂ ਦੀ ਸਫਲਤਾ ਲਈ ਧਾਰਮਿਕ ਸਮਾਗਮ ਕਰਵਾਏ।



**ਚੋਹਲਾ ਸਾਹਿਬ 25 (ਸਨਦੀਪ ਸਿੱਧੂ,ਪਰਮਿੰਦਰ ਚੋਹਲਾ) |**

ਸੰਤ ਬਾਬਾ ਸੁੱਖਾ ਸਿੰਘ ਜੀ ਦੀ ਸਰਪ੍ਰਸਤੀ ਹੇਠ ਚੱਲ ਰਹੇ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਸਰਹਾਲੀ ਦੀ ਪੁਰਾਣੀ ਰਵਾਇਤ ਅਨੁਸਾਰ ਕਾਲਜ ਦੀ ਚੜ੍ਹਦੀ ਕਲਾ, ਤਰੱਕੀ, ਅਤੇ ਵਿਦਿਆਰਥੀਆਂ ਦੀ ਯੂਨੀਵਰਸਿਟੀ ਪ੍ਰੀਖਿਆਵਾਂ ਵਿੱਚ ਸਫਲਤਾ ਨੂੰ ਮੁੱਖ ਰੱਖ ਕੇ ਗੁਰੂ ਸਾਹਿਬ ਦੇ ਓਟ ਆਸਰੇ ਲਈ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਦੇ ਭੋਗ ਪੁਆਏ ਗਏ। ਇਸ ਮੌਕੇ 'ਤੇ ਗੁਰਦੁਆਰਾ ਬਾਬਾ ਰਾਮ ਸਿੰਘ ਸਰਹਾਲੀ ਸਾਹਿਬ ਦੇ ਰਾਗੀ ਸਿੰਘ ਤਸਬੀਰ ਸਿੰਘ ਵੱਲੋਂ ਇਲਾਹੀ ਬਾਣੀ ਦੇ ਕੀਰਤਨ ਕੀਤੇ ਗਏ ਅਤੇ ਜਥੇਦਾਰ ਦੀਪ ਸਿੰਘ ਵੱਲੋਂ ਕਥਾ ਵਿਚਾਰਾਂ ਰਾਹੀਂ ਸਮੂਹ ਵਿਦਿਆਰਥੀਆਂ ਅਤੇ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਭੋਗ ਉਪਰੰਤ ਗੁਰੂ ਕਾ ਲੰਗਰ ਅਟੁੱਟ ਲੰਗਰ ਵਰਤਾਇਆ ਗਿਆ। ਇਸ ਸਮਾਗਮ ਵਿੱਚ ਕਾਲਜ ਪ੍ਰਬੰਧਕੀ ਕਮੇਟੀ ਦੇ ਆਨਰੇਰੀ ਸਕੱਤਰ ਸ੍ਰ ਹਰਜਿੰਦਰ ਸਿੰਘ ਬਿੱਲਿਆਂਵਾਲਾ, ਸ੍ਰ ਬਲਜਿੰਦਰ ਸਿੰਘ ਫੀਲੋ, ਤੋਂ ਇਲਾਵਾ ਇਲਾਕੇ ਦੇ ਹੋਰ ਪਤਵੰਤੇ ਵੀ ਸ਼ਾਮਲ ਹੋਏ। ਕਾਲਜ ਪ੍ਰਬੰਧਕੀ ਕਮੇਟੀ ਦੇ ਆਨਰੇਰੀ ਸਕੱਤਰ ਸ੍ਰ. ਹਰਜਿੰਦਰ ਸਿੰਘ ਬਿੱਲਿਆਂਵਾਲਾ ਅਤੇ ਕਮੇਟੀ ਮੈਂਬਰ ਸਾਹਿਬਾਨ ਵੱਲੋਂ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਸ੍ਰੀਮਾਨ ਮਹਾਂਪੁਰਖ ਸੰਤ ਬਾਬਾ ਤਾਰਾ ਸਿੰਘ ਜੀ ਨੇ ਵਿੱਦਿਆ ਦਾ ਚਾਨਣ ਘਰ-ਘਰ ਪਹੁੰਚਾਉਣ ਅਤੇ ਉੱਚ ਸਿੱਖਿਆ ਹਾਸਲ ਕਰਨ ਦੇ ਮਕਸਦ ਨਾਲ ਸੰਨ 1970 ਵਿੱਚ ਇਲਾਕਾ ਨਿਵਾਸੀਆਂ ਦੇ ਸਹਿਯੋਗ ਨਾਲ ਇਸ ਕਾਲਜ ਦੀ ਸਥਾਪਨਾ ਕੀਤੀ ਸੀ। ਮੌਜੂਦਾ ਸਰਪ੍ਰਸਤ ਸੰਤ ਬਾਬਾ ਸੁੱਖਾ ਸਿੰਘ ਜੀ ਦੀ ਰਹਿਨੁਮਾਈ ਹੇਠ ਵਿੱਦਿਆ ਦੇ ਖੇਤਰ ਵਿੱਚ ਮੱਲਾਂ ਮਾਰ ਰਹੇ ਇਸ ਕਾਲਜ ਵਿੱਚ ਉੱਚ ਯੋਗਤਾ ਪ੍ਰਾਪਤ, ਤਜ਼ਰਬੇਕਾਰ ਅਤੇ ਮਿਹਨਤੀ ਸਟਾਫ਼ ਵਲੋਂ ਵਿਦਿਆਰਥੀਆ ਨੂੰ ਸਮਾਜ ਪ੍ਰਤੀ ਆਪਣੀ ਜ਼ਿੰਮੇਵਾਰੀ ਦੇ ਨਾਲ-ਨਾਲ ਸਮੁੱਚੀ ਸ਼ਖ਼ਸੀਅਤ-ਉਸਾਰੀ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਂਦਾ ਹੈ। ਕਾਲਜ ਦੇ ਪ੍ਰਿੰਸੀਪਲ ਡਾ. ਜਸਬੀਰ ਸਿੰਘ ਗਿੱਲ ਨੇ ਸਮਾਗਮ ਵਿੱਚ ਸ਼ਾਮਲ ਹੋਣ ਲਈ ਦੂਰੋਂ ਨੇੜਿਉਂ ਪਹੁੰਚੀਆਂ ਸਮੂਹ ਸੰਗਤਾਂ ਦਾ ਧੰਨਵਾਦ ਕੀਤਾ।

# ਸੰਯੁਕਤ ਕਿਸਾਨ ਮੋਰਚਾ ਦੇ ਕਿਸਾਨਾਂ ਨੇ ਖੰਡ ਮਿੱਲ ਸ਼ੇਰੋ ਦੀ ਮਾਲਕੀ ਬਦਲਣ ਵਿਰੁੱਧ ਡੇਰਾ ਸਾਹਿਬ ਵਿਖੇ ਪੰਜਾਬ ਸਰਕਾਰ ਦਾ ਪੁਤਲਾ ਫੂਕਿਆ



**ਗੁਰਪ੍ਰੀਤ ਸਿੰਘ ਕੱਦ ਗਿੱਲ ਤਰਨ ਤਾਰਨ 25 ਅਪ੍ਰੈਲ |**

ਸੰਯੁਕਤ ਕਿਸਾਨ ਮੋਰਚਾ ਜਿਲਾ ਤਰਨ ਤਾਰਨ ਵਿੱਚ ਕੰਮ ਕਰਦੀਆਂ ਵੱਖ-ਵੱਖ ਜਥੇਬੰਦੀਆਂ ਵੱਲੋਂ ਸਹਿਕਾਰੀ ਖੰਡ ਮਿੱਲ ਸ਼ੇਰੋਂ ਦੀ ਮਾਲਕੀ ਬਦਲਣ ਵਿਰੁੱਧ ਅਤੇ ਜਬਰੀ ਹੋ ਰਹੀ ਉਸਾਰੀ ਦਾ ਵਿਰੋਧ ਕਰਨ ਲਈ ਜੋ ਇਸੇ ਕੜੀ ਵਿੱਚ ਅੱਜ ਕਿਸਾਨਾ ਵੱਲੋਂ ਇੱਕ ਵੱਡੀ ਇਕੱਤਰਤਾ ਗੁਰਦੁਆਰਾ ਡੇਰਾ ਸਾਹਿਬ ਵਿਖੇ ਕੀਤੀ ਗਈ।

ਇਸ ਮੀਟਿੰਗ ਦੀ ਪ੍ਰਧਾਨਗੀ ਤਰਸੇਮ ਸਿੰਘ ਲੁਹਾਰ ਜ਼ਿਲ੍ਹਾ ਪ੍ਰਧਾਨ ਕੌਮੀ ਕਿਸਾਨ ਯੂਨੀਅਨ ਨੇ ਕੀਤੀ। ਇਸ ਮੌਕੇ ਬੋਲਦਿਆਂ ਹੋਇਆ ਸਤਪਾਲ ਸਿੰਘ ਨੱਥੋਕੇ ਜ਼ਿਲ੍ਹਾ ਜਨਰਲ ਸਕੱਤਰ ਕਿਰਤੀ ਕਿਸਾਨ ਯੂਨੀਅਨ, , ਮਨਜੀਤ ਸਿੰਘ ਬੱਗੂ ਜਿਲ੍ਹਾ ਪ੍ਰਧਾਨ ਜਮਹੂਰੀ ਕਿਸਾਨ ਸਭਾ, ਬਲਜੀਤ ਸਿੰਘ ਫਤਿਆਬਾਦ ਕੁਲ ਹਿੰਦ ਕਿਸਾਨ ਸਭਾ,ਮੇਹਰ ਸਿੰਘ ਸਖੀਰਾ ਬੀਕੇਯੂ ਉਗਰਾਹਾਂ, ਗੁਰਬਚਨ ਸਿੰਘ ਘੜਕਾ ਕਿਸਾਨ ਸੰਘਰਸ਼ ਕਮੇਟੀ ਪੰਜਾਬ ਪੰਨੂੰ, ਆਦਿ ਬੁਲਾਰਿਆਂ ਨੇ ਪੰਜਾਬ ਸਰਕਾਰ ਦੇ ਜਬਰੀ ਮਿਲ ਦੀ ਮਾਲਕੀ ਬਦਲਣ ਦੇ ਦੀ ਸਖਤ ਸ਼ਬਦਾਂ ਵਿੱਚ ਨਿੰਦਾ ਕੀਤੀ ।ਉਹਨਾਂ ਕਿਹਾ ਕਿ ਕਿਸਾਨਾਂ ਨੂੰ ਬਦਲਵੀ ਖੇਤੀ ਮਾਡਲ ਨੂੰ ਅਪਣਾਉਣ ਲਈ ਕਿਹਾ ਜਾ ਰਿਹਾ ਹੈ ਪਰ ਸਰਕਾਰ ਆਪ ਹੀ ਸੂਗਰ ਮਿਲ ਬੰਦ ਕਰਕੇ ਬਦਲਵੀ ਖੇਤੀ ਦਾ ਬਦਲ ਗੰਨਾ ਬੀਜਣ ਤੋਂ ਰੋਕਿਆ ਜਾ ਰਿਹਾ ।ਇਥੇ ਹੀ ਬਸ ਨਹੀਂ ਸੰਘਰਸ਼ੀਲ ਕਿਸਾਨਾਂ ਨੂੰ ਜਬਰੀ ਉਸਾਰੀ ਵਾਲੀ ਥਾਂ ਤੋਂ ਚੁੱਕ ਕੇ ਜੇਲਾਂ ਵਿੱਚ ਬੰਦ ਕਰ ਦਿੱਤਾ ਗਿਆ ਸੀ ਜੋ ਕਿ ਜਥੇਬੰਦਕ ਦਬਾਅ ਕਾਰਨ ਰਿਹਾ ਹੋਏ ਹਨ। ਆਉਣ ਵਾਲੇ ਦਿਨਾਂ ਵਿੱਚ ਮੁੜ ਤੋਂ ਪੱਕਾ ਮੋਰਚਾ ਲਗਾਇਆ ਜਾਵੇਗਾ ਅਤੇ ਸਰਕਾਰ ਨੂੰ ਸਹਿਕਾਰੀ ਖੰਡ ਮਿੱਲ ਸ਼ੇਰੋ ਮੁੜ ਤੋਂ ਚਾਲੂ ਕਰਨ ਲਈ ਮਜਬੂਰ ਕੀਤਾ ਜਾਏਗਾ। ।ਸਰਕਾਰ ਨੇ ਗੁਦਾਮ ਬਣਾਉਣ ਤੋਂ ਪਹਿਲਾਂ ਕਿਸੇ ਕਿਸਮ ਦਾ ਸਰਵੇਖਣ ਕਰਵਾਉਣਾ ਜ਼ਰੂਰੀ ਨਹੀਂ ਸਮਝਿਆ । ਕਿਸਾਨਾਂ ਦੇ ਸ਼ੇਅਰ ਨਾਲ ਬਣੀ ਮਿਲ ਨੂੰ ਸਰਕਾਰ ਮਨਮਰਜ਼ੀ ਨਾਲ ਉਸ ਦੀ ਮਾਲਕੀ ਬਦਲਣ ਦਾ ਹੱਕ ਨਹੀਂ ਰੱਖਦੀ। ਪੱਕਾ ਮੋਰਚਾ ਲਗਾਉਣ ਤੇ ਪਿੰਡ ਵਾਸੀਆਂ ਨੇ ਵੱਡੀ ਗਿਣਤੀ ਵਿੱਚ ਸ਼ਾਮਿਲ ਹੋਣ ਦਾ ਭਰੋਸਾ ਦਿਵਾਇਆ।ਅੱਜ ਦੀ ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਪਿੰਡ ਵਾਸੀਆਂ ਹੀਰਾ ਸਿੰਘ ਪੰਨੂ, ਲਖਵੀਰ ਸਿੰਘ ,ਗੁਰਮੁਖ ਸਿੰਘ ,ਬਲਦੇਵ ਸਿੰਘ , ਗੱਜਣ ਸਿੰਘ, ਮਲਕੀਤ ਸਿੰਘ ਫੌਜੀ, ਜਸਬੀਰ ਸਿੰਘ ਭੱਠਲ ਸਰਪੰਚ ਗੁਰਮੀਤ ਸਿੰਘ ਰਸ਼ਪਾਲ ਸਿੰਘ ,ਸਰਮੁਖ ਸਿੰਘ ,ਹਰਭਜਨ ਸਿੰਘ ਫੌਜੀ, ਅਜੀਤ ਸਿੰਘ ਪੰਨੂ ,ਕੰਵਰ ਡੇਰਾ ਸਾਹਿਬ, ਛਿੰਦਾ ਸਿੰਘ ,ਰਜਿੰਦਰ ਸਿੰਘ ,ਕੁਲਦੀਪ ਸਿੰਘ ਢੋਟਾ ,ਹਰਦੇਵ ਸਿੰਘ ਨਾਗੋਕੇ ,ਕੁਲਵਿੰਦਰ ਸਿੰਘ ,ਜਗਵੀਰ ਸਿੰਘ, ਕਾਰਜ ਸਿੰਘ ਜੋਹਲ ਢਾਏ ਵਾਲਾ ਆਦਿ ਕਿਸਾਨਾਂ ਮੀਟਿੰਗ ਵਿੱਚ ਸ਼ਮੂਲੀਅਤ ਕੀਤੀ।ਇਸ ਮੋਕੇ ਪੰਜਾਬ ਸਰਕਾਰ ਵੱਲੋਂ ਧੱਕੇ ਨਾਲ ਸ਼ੂਗਰ ਮਿੱਲ ਸ਼ੇਰੋ ਦੀ ਮਾਲਕੀ ਬਦਲਣ ਵਿਰੁੱਧ ਜ਼ੋਰਦਾਰ ਨਾਅਰੇਬਾਜ਼ੀ ਕੀਤੀ ਗਈ ਅਤੇ ਆਪਣੇ ਰੋਸ ਦਾ ਪ੍ਰਗਟਾਵਾ ਕਰਦਿਆਂ ਪੰਜਾਬ ਸਰਕਾਰ ਦਾ ਪੁਤਲਾ ਫੂਕਿਆ ਗਿਆ ।

# ਭਾਜੀ ਉਹਨਾਂ ਨੂੰ ਕਿਹਾ ਕਰੋ ਕਿ ਫੋਟੋ ਹੇਠਾਂ ਸਕੈਪਸ਼ਨ ਲਿਖਿਆ ਕਰਨ ਨਾ ਕਿ ਸਭ ਹੈਡਿੰਗ ਹਾਂਜੀ ਇਹ ਥੋੜ੍ਹਾ ਜਿਹਾ ਕਰਵਾ ਦਿਓ ਇਹਨਾਂ ਕੋਲ ਪਲੀਜ



**ਤਰਨ ਤਾਰਨ ,ਚੋਹਲਾ ਸਾਹਿਬ 25 (ਗੁਰਪ੍ਰੀਤ ਸਿੰਘ ਕੱਦ ਗਿੱਲਸਨਦੀਪ ਸਿੱਧੂ,ਪਰਮਿੰਦਰ ਚੋਹਲਾ) |**

ਸੰਯੁਕਤ ਕਿਸਾਨ ਮੋਰਚਾ ਜ਼ਿਲ੍ਹਾ ਤਰਨ ਤਾਰਨ ਵਿੱਚ ਕੰਮ ਕਰਦੀਆਂ ਵੱਖ-ਵੱਖ ਜਥੇਬੰਦੀਆਂ ਵੱਲੋਂ ਸਹਿਕਾਰੀ ਖੰਡ ਮਿੱਲ ਸ਼ੇਰੋਂ ਦੀ ਮਾਲਕੀ ਬਦਲਣ ਵਿਰੁੱਧ ਅਤੇ ਜਬਰੀ ਹੋ ਰਹੀ ਉਸਾਰੀ ਦਾ ਵਿਰੋਧ ਕਰਨ ਲਈ ਜੋ ਇਸੇ ਕੜੀ ਵਿੱਚ ਅੱਜ ਕਿਸਾਨਾ ਵੱਲੋਂ ਇੱਕ ਵੱਡੀ ਇਕੱਤਰਤਾ ਗੁਰਦੁਆਰਾ ਸਾਰਾਗੜ੍ਹੀ ਸਹੀਦਾਂ ਪਿੰਡ ਧੁੰਨ ਢਾਏ ਵਾਲਾ ਵਿਖੇ ਕੀਤੀ ਗਈ।

ਇਸ ਮੀਟਿੰਗ ਦੀ ਪ੍ਰਧਾਨਗੀ ਤਰਸੇਮ ਸਿੰਘ ਲੁਹਾਰ ਜ਼ਿਲ੍ਹਾ ਪ੍ਰਧਾਨ ਕੌਮੀ ਕਿਸਾਨ ਯੂਨੀਅਨ ਨੇ ਕੀਤੀ। ਇਸ ਮੌਕੇ ਬੋਲਦਿਆਂ ਹੋਇਆਂ ਨਛੱਤਰ ਸਿੰਘ ਪੰਨੂ ਜ਼ਿਲ੍ਹਾ ਪ੍ਰਧਾਨ ਕਿਰਤੀ ਕਿਸਾਨ ਯੂਨੀਅਨ, ਤਰਸੇਮ ਸਿੰਘ ਲੁਹਾਰ ਜ਼ਿਲ੍ਹਾ ਪ੍ਰਧਾਨ ਕੌਮੀ ਕਿਸਾਨ ਯੂਨੀਅਨ, ਮਨਜੀਤ ਸਿੰਘ ਬੱਗੂ ਜ਼ਿਲ੍ਹਾ ਪ੍ਰਧਾਨ ਜਮਹੂਰੀ ਕਿਸਾਨ ਸਭਾ, ਮੇਹਰ ਸਿੰਘ ਸਖੀਰਾ ਬੀਕੇਯੂ ਉਗਰਾਹਾਂ, ਗੁਰਬਚਨ ਸਿੰਘ ਘੜਕਾ ਕਿਸਾਨ ਸੰਘਰਸ਼ ਕਮੇਟੀ ਪੰਜਾਬ ਪੰਨੂੰ,,ਸੁਖਚੈਨ ਸਿੰਘ ਸਰਹਾਲੀ ਖੁਰਦ,ਰਤਨ ਸਿੰਘ ਚੰਬਾ ਬੀਕੇਯੂ ਰਾਜੇਵਾਲ, ਜਗੀਰ ਸਿੰਘ ਗੰਡੀਵਿੰਡ, ਸੂਬੇਦਾਰ ਸੁਖਬੀਰ ਸਿੰਘ ਧੁੰਨ ਆਦਿ ਬੁਲਾਰਿਆਂ ਨੇ ਪੰਜਾਬ ਸਰਕਾਰ ਦੇ ਜਬਰੀ ਮਿਲ ਦੀ ਮਾਲਕੀ ਬਦਲਣ ਦੇ ਦੀ ਸਖਤ ਸ਼ਬਦਾਂ ਵਿੱਚ ਨਿੰਦਾ ਕੀਤੀ ।ਉਹਨਾਂ ਕਿਹਾ ਕਿ ਕਿਸਾਨਾਂ ਨੂੰ ਬਦਲਵੀ ਖੇਤੀ ਮਾਡਲ ਨੂੰ ਅਪਣਾਉਣ ਲਈ ਕਿਹਾ ਜਾ ਰਿਹਾ ਹੈ ਪਰ ਸਰਕਾਰ ਆਪ ਹੀ ਸੂਗਰ ਮਿਲ ਬੰਦ ਕਰਕੇ ਬਦਲਵੀ ਖੇਤੀ ਦਾ ਬਦਲ ਗੰਨਾ ਬੀਜਣ ਤੋਂ ਰੋਕਿਆ ਜਾ ਰਿਹਾ ।ਇਥੇ ਹੀ ਬਸ ਨਹੀਂ ਸੰਘਰਸ਼ੀਲ ਕਿਸਾਨਾਂ ਨੂੰ ਜਬਰੀ ਉਸਾਰੀ ਵਾਲੀ ਥਾਂ ਤੋਂ ਚੁੱਕ ਕੇ ਜੇਲਾਂ ਵਿੱਚ ਬੰਦ ਕਰ ਦਿੱਤਾ ਗਿਆ ਸੀ ਜੋ ਕਿ ਜਥੇਬੰਦਕ ਦਬਾਅ ਕਾਰਨ ਰਿਹਾ ਹੋਏ ਹਨ। ਆਉਣ ਵਾਲੇ ਦਿਨਾਂ ਵਿੱਚ ਮੁੜ ਤੋਂ ਪੱਕਾ ਮੋਰਚਾ ਲਗਾਇਆ ਜਾਵੇਗਾ ਅਤੇ ਸਰਕਾਰ ਨੂੰ ਸਹਿਕਾਰੀ ਖੰਡ ਮਿੱਲ ਸ਼ੇਰੋ ਮੁੜ ਤੋਂ ਚਾਲੂ ਕਰਨ ਲਈ ਮਜਬੂਰ ਕੀਤਾ ਜਾਏਗਾ। ।ਸਰਕਾਰ ਨੇ ਗੁਦਾਮ ਬਣਾਉਣ ਤੋਂ ਪਹਿਲਾਂ ਕਿਸੇ ਕਿਸਮ ਦਾ ਸਰਵੇਖਣ ਕਰਵਾਉਣਾ ਜ਼ਰੂਰੀ ਨਹੀਂ ਸਮਝਿਆ।ਇਸ ਸਬੰਧੀ ਕੋਈ ਵੀ ਵਾਤਾਵਰਨ ਜਾਂ ਸਿਹਤ ਪੱਖੀ ਕੋਈ ਸਰਵੇਖਣ ਕਰਨਾ ਜਰੂਰੀ ਨਹੀਂ ਸਮਝਿਆ । ਕਿਸਾਨਾਂ ਦੇ ਸ਼ੇਅਰ ਨਾਲ ਬਣੀ ਮਿਲ ਨੂੰ ਸਰਕਾਰ ਮਨਮਰਜ਼ੀ ਨਾਲ ਉਸ ਦੀ ਮਾਲਕੀ ਬਦਲਣ ਦਾ ਹੱਕ ਨਹੀਂ ਰੱਖਦੀ। ਪੱਕਾ ਮੋਰਚਾ ਲਗਾਉਣ ਤੇ ਪਿੰਡ ਵਾਸੀਆਂ ਨੇ ਵੱਡੀ ਗਿਣਤੀ ਵਿੱਚ ਸ਼ਾਮਿਲ ਹੋਣ ਦਾ ਭਰੋਸਾ ਦਿਵਾਇਆ।ਅੱਜ ਦੀ ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਪਿੰਡ ਵਾਸੀਆਂ ਹਰਪਾਲ ਸਿੰਘ ਘੜਕਾ,, ਸਕੱਤਰ ਸਿੰਘ ਧੁੰਨ,,ਦਾਰਾ ਸਿੰਘ ਚੋਹਲਾ, ਬਲਜੀਤ ਸਿੰਘ ਧੁੰਨ ਰਾਜੇਵਾਲ ਅਤੇ ਦਰਜਨਾਂ ਕਿਸਾਨਾਂ ਵੱਲੋ ਅੱਜ ਦੀ ਮੀਟਿੰਗ ਵਿੱਚ ਸ਼ਮੂਲੀਅਤ ਕੀਤੀ।ਇਸ ਮੋਕੇ ਪੰਜਾਬ ਸਰਕਾਰ ਵੱਲੋਂ ਧੱਕੇ ਨਾਲ ਸ਼ੂਗਰ ਮਿੱਲ ਸ਼ੇਰੋ ਦੀ ਮਾਲਕੀ ਬਦਲਣ ਵਿਰੁੱਧ ਜ਼ੋਰਦਾਰ ਨਾਅਰੇਬਾਜ਼ੀ ਅਤੇ ਆਪਣੇ ਰੋਸ ਦਾ ਪ੍ਰਗਟਾਵਾ ਕੀਤਾ।

**Cee7News ਵਿੱਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ**
**9463661542, cee7news@gmail.com**



# ਸੀ ਐਚ ਸੀ ਸਰਹਾਲੀ ਵਿਖੇ ਵਿਸ਼ਵ ਮਲੇਰੀਆ ਦਿਵਸ ਮਨਾਇਆ ਗਿਆ








**ਚੋਹਲਾ ਸਾਹਿਬ 26 ਅਪ੍ਰੈਲ (ਸਨਦੀਪ ਸਿੱਧੂ,ਪਰਮਿੰਦਰ ਚੋਹਲਾ) |**

ਸਿਵਲ ਸਰਜਨ ਤਰਨ ਤਾਰਨ ਡਾਕਟਰ ਗੁਰਪ੍ਰੀਤ ਸਿੰਘ ਰਾਏ ਅਤੇ ਜਿਲ੍ਹਾ ਐਪੀਡੀਮੋਲੋਜਿਸ਼ਟ ਡਾਕ: ਰਾਘਵ ਗੁਪਤਾ ਦੇ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕਰਦੇ ਹੋਏ ਡਾਕਟਰ ਜਤਿੰਦਰ ਸਿੰਘ ਗਿੱਲ ਸੀਨੀਅਰ ਮੈਡੀਕਲ ਅਫਸਰ ਇੰਚਾਰਜ ਸੀਐਚਸੀ ਸਰਹਾਲੀ ਦੀ ਯੋਗ ਅਗਵਾਈ ਹੇਠ ਸੀਐਚਸੀ ਸਰਹਾਲੀ ਅਤੇ ਸੀਐਚਸੀ ਬ੍ਰਹਮਪੁਰਾ ਵਿਖੇ ਵਿਸ਼ਵ ਮਲੇਰੀਆ ਦਿਵਸ ਮਨਾਇਆ ਗਿਆ ਹੈ। ਇਸ ਸਮੇਂ ਡਾਕਟਰ ਜਤਿੰਦਰ ਸਿੰਘ ਗਿੱਲ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸਾਨੂੰ ਡੇਂਗੂ ਵਰਗੀ ਭਿਆਨਕ ਬਿਮਾਰੀ ਤੋਂ ਬਚਾਅ ਲਈ ਆਪਣੇ ਘਰਾਂ ਦੀਆਂ ਛੱਤਾਂ ਤੇ ਪਏ ਗਮਲਿਆਂ ਅਤੇ ਟੁੱਟੇ ਟਾਇਰਾਂ ਵਿੱਚ ਪਾਣੀ ਇੱਕਠਾ ਨਹੀਂ ਹੋਣ ਦੇਣਾ ਚਾਹੀਦਾ ਅਤੇ ਆਪਣੇ ਕੂਲਰਾਂ ਦੇ ਪਾਣੀ ਦੀ ਹਫਤੇ ਵਿੱਚ ਇੱਕ ਵਾਰ ਸਾਫ ਸਫਾਈ ਕਰਨੀ ਚਾਹੀਦੀ ਹੈ।ਉਹਨਾਂ ਦੱਸਿਆ ਕਿ ਆਪਣੇ ਘਰਾਂ ਦੇ ਆਲੇ ਦੁਆਲੇ ਵੀ ਪਾਣੀ ਇੱਕਠਾ ਨਾਂ ਹੋਣ ਦਿਓ ਤਾਂ ਕਿ ਡੇਂਗੂ ਵਰਗੀ ਭਿਆਨਕ ਬਿਮਾਰੀ ਫੈਲਾਉਣ ਵਾਲੇ ਮੱਛਰ ਪੈਦਾ ਨਾ ਹੋਣ ਸਕਣ।ਇਸ ਸਮੇਂ ਉਹਨਾਂ ਦੱਸਿਆ ਕਿ ਸਾਨੂੰ ਰਾਤ ਸਮੇਂ ਸੌਣ ਵੇਲੇ ਪੂਰਾ ਤਨ ਢੱਕਣ ਵਾਲੇ ਕੱਪੜੇ ਪਹਿਨਣੇ ਚਾਹੀਦੇ ਹਨ ਅਤੇ ਮੱਛਰ ਭਜਾਉਣ ਵਾਲੀਆਂ ਕਰੀਮਾਂ ਦੀ ਵਰਤੋਂ ਕਰਨੀ ਚਾਹੀਦੀ ਹੈ।ਉਹਨਾਂ ਦੱਸਿਆ ਕਿ ਜੇਕਰ ਤੁਹਾਨੂੰ ਤੇਜ਼ ਸਿਰ ਦਰਦ ਜਾਂ ਤੇਜ਼ ਬੁਖਾਰ ਹੈ ਤਾਂ ਤੁਰੰਤ ਨਜਦੀਕੀ ਸਿਹਤ ਕੇਂਦਰ ਵਿੱਚ ਜਾਕੇ ਆਪਣੀ ਜਾਂਚ ਕਰਵਾਉਣੀ ਚਾਹੀਦੀ ਹੈ ਤਾਂ ਜੋ ਸਮੇਂ ਸਿਰ ਇਲਾਜ ਕੀਤਾ ਜਾ ਸਕੇ।ਇਸ ਸਮੇਂ ਹੈਲਥ ਸੁਪਰਵਾਈਜ਼ਰ ਜ਼ਸਪ੍ਰੀਤ ਸਿੰਘ,ਜ਼ਸਪਿੰਦਰ ਸਿੰਘ ਹੈਲਥ ਵਰਕਰ,ਰਾਜੀਵ ਕੁਮਾਰ ਹੈਲਥ ਵਰਕਰ,ਜਤਿੰਦਰ ਕੌਰ ਐਲਟੀ,ਰੁਪਿੰਦਰ ਕੌਰ ਸਟਾਫ ਨਰਸ,ਜ਼ਸਵਿੰਦਰ ਕੌਰ ਸੀਓ,ਗੁਰਜੀਤ ਸਿੰਘ ਵਾਰਡ ਅਟੈਂਡਡ ਅਤੇ ਨਰਸਿੰਗ ਕਾਲਜ ਦੀਆਂ ਵਿਦਿਆਰਥਣਾਂ ਹਾਜਰ ਸਨ।

# ਬੀਬੀ ਰਮਨਦੀਪ ਕੌਰ ਖਹਿਰਾ ਨੂੰ ਹਲਕਾ ਖਡੂਰ ਸਾਹਿਬ ਦਾ ਇੰਚਾਰਜ ਲਗਾਉਣ ਤੇ ਇਲਾਕੇ ਵਿੱਚ ਖੁਸ਼ੀ ਦੀ ਲਹਿਰ : ਸ਼ੇਰਦਿਲ, ਟੋਨੀ





**ਚੋਹਲਾ ਸਾਹਿਬ 26 ਅਪ੍ਰੈਲ (ਸਨਦੀਪ ਸਿੱਧੂ,ਪਰਮਿੰਦਰ ਚੋਹਲਾ) |**

ਸ੍ਰੋਮਣੀ ਅਕਾਲ ਦਲ ਬਾਦਲ ਪਾਰਟੀ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਬੀਤੇ ਦਿਨੀਂ ਸਰਪੰਚ ਅਵਤਾਰ ਸਿੰਘ ਬਿੱਲ ਸ਼ੇਰੋ ਦੀ ਧਰਮਪਤਨੀ ਬੀਬੀ ਰਮਨਦੀਪ ਕੌਰ ਖਹਿਰਾ ਨੂੰ ਹਲਕਾ ਖਡੂਰ ਸਾਹਿਬ ਤੋਂ ਸ੍ਰੋਮਣੀ ਅਕਾਲੀ ਦਲ ਬਾਦਲ ਪਾਰਟੀ ਦਾ ਇੰਚਾਰਜ ਲਗਾਉਣ ਤੇ ਇਲਾਕੇ ਵਿੱਚ ਖੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਸ੍ਰੋਮਣੀ ਅਕਾਲੀ ਦਲ ਬਾਦਲ ਪਾਰਟੀ ਦੇ ਸਰਹਾਲੀ ਤੋਂ ਨੋਜਵਾਨ ਆਗੂ ਅੰਗਰੇਜ਼ ਸਿੰਘ ਸ਼ੇਰਦਿਲ ਸਰਹਾਲੀ ਅਤੇ ਜੰਗਸ਼ੇਰ ਸਿੰਘ ਟੋਨੀ ਸਰਪੰਚ ਰੂੜੀਵਾਲਾ ਨੇ ਪੱਤਰਕਾਰਾਂ ਨਾਲ ਗਲਬਾਤ ਦੌਰਾਨ ਕੀਤਾ।ਸ਼ੇਰਦਿਲ ਅਤੇ ਟੋਨੀ ਨੇ ਸਾਂਝੇ ਰੂਪ ਵਿੱਚ ਕਿਹਾ ਕਿ ਸ੍ਰੋਮਣੀ ਅਕਾਲੀ ਦਲ ਬਾਦਲ ਪਾਰਟੀ ਨੇ ਹਮੇਸ਼ਾਂ ਮਹਿਲਾਵਾਂ ਨੂੰ ਮਾਨ ਸਤਿਕਾਰ ਦਿੱਤਾ ਹੈ ਅਤੇ ਖਾਸ ਕਰਕੇ ਪਾਰਟੀ ਵਿੱਚ ਮਹਿਲਾਵਾਂ ਨੂੰ ਵਿਸ਼ੇਸ਼ ਜਗਾ ਦੇ ਕੇ ਨਿਵਾਜਿਆ ਹੈ ਜਿਸ ਨਾਲ ਮਹਿਲਾਵਾਂ ਦਾ ਰੁਤਬਾ ਸਮਾਜ ਵਿੱਚ ਉੱਚਾ ਹੋਇਆ ਹੈ।ਉਹਨਾਂ ਕਿਹਾ ਕਿ ਇਸਦੀ ਤਾਜਾ ਮਿਸਾਲ ਬੀਬੀ ਰਮਨਦੀਪ ਕੌਰ ਖਹਿਰਾ ਨੂੰ ਹਲਕਾ ਖਡੂਰ ਸਾਹਿਬ ਤੋਂ ਸੋਰਮਣੀ ਅਕਾਲੀ ਦਲ ਬਾਦਲ ਪਾਰਟੀ ਦਾ ਇੰਚਾਰਜ ਲਗਾਉਣ ਤੋਂ ਮਿਲਦੀ ਹੈ।ਉਹਨਾਂ ਕਿਹਾ ਕਿ ਸ੍ਰੋਮਣੀ ਅਕਾਲੀ ਦਲ ਬਾਦਲ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਬੀਬੀ ਰਮਨਦੀਪ ਕੌਰ ਖਹਿਰਾ ਨੂੰ ਹਲਕਾ ਖਡੂਰ ਸਾਹਿਬ ਦੀ ਵੱਡੀ ਜਿੰਮੇਵਾਰੀ ਸੌਂਪੀ ਹੈ ਜਿਸਤੇ ਪੂਰੇ ਇਲਾਕੇ ਵਿੱਚ ਖੁਸ਼ੀ ਦੀ ਲਹਿਰ ਹੈ। ਬੀਬੀ ਰਮਨਦੀਪ ਕੌਰ ਖਹਿਰਾ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਪਾਰਟੀ ਵੱਲੋਂ ਜਿਹੜੀ ਜਿੰਮੇਵਾਰੀ ਉਹਨਾਂ ਨੂੰ ਦਿੱਤੀ ਗਈ ਹੈ ਉਹ ਪੂਰੀ ਇਮਾਨਦਾਰੀ ਅਤੇ ਤਨਦੇਹੀ ਨਾਲ ਇਸ ਨੂੰ ਨਿਭਾਉਣਗੇ।ਉਹਨਾਂ ਅਪੀਲ ਕੀਤੀ ਲੋਕ ਵੱਧ ਤੋਂ ਵੱਧ ਪਾਰਟੀ ਦਾ ਸਾਥ ਦੇਣ।

# ਡੇਂਗੂ ਅਤੇ ਮਲੇਰੀਆ ਦੇ ਲੱਛਣਾ ਅਤੇ ਬਚਾਅ ਬਾਰੇ ਜਾਣਕਾਰੀ ਦਿੱਤੀ ਗਈ



**ਚੋਹਲਾ ਸਾਹਿਬ 26 ਅਪ੍ਰੈਲ (ਸਨਦੀਪ ਸਿੱਧੂ,ਪਰਮਿੰਦਰ ਚੋਹਲਾ) |**

ਸਿਵਲ ਸਰਜਨ ਤਰਨ ਤਾਰਨ ਡਾਕਟਰ ਗੁਰਪ੍ਰੀਤ ਸਿੰਘ ਰਾਏ ਅਤੇ ਜਿਲ੍ਹਾ ਮਲੇਰੀਆ ਅਫਸਰ ਡਾਕਟਰ ਰਾਘਵ ਗੁਪਤਾ ਦੇ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕਰਦੇ ਹੋਏ ਡਾਕਟਰ ਜਤਿੰਦਰ ਸਿੰਘ ਗਿੱਲ ਸੀਨੀਅਰ ਮੈਡੀਕਲ ਅਫਸਰ ਇੰਚਾਰਜ ਸੀ ਐਚ ਸੀ ਸਰਹਾਲੀ ਦੀ ਯੋਗ ਅਗਵਾਈ ਹੇਠ ਡੇਅਰਾ ਸਾਹਿਬ ਵਿਖੇ ਡੇਂਗੂ ਅਤੇ ਮਲੇਰੀਆ ਬਾਰੇ ਜਾਣਕਾਰੀ ਦਿੱਤੀ ਗਈ।ਇਸ ਸਮੇਂ ਜਾਣਕਾਰੀ ਦਿੰਦੇ ਹੋਏ ਐਸ ਆਈ ਦੀਨ ਦਿਆਲ ਨੇ ਦੱਸਿਆ ਕਿ ਸਾਨੂੰ ਡੇਂਗੂ ਅਤੇ ਮਲੇਰੀਆ ਵਰਗੀਆਂ ਭਿਆਨਕ ਬਿਮਾਰੀਆਂ ਤੋਂ ਬਚਾਅ ਬਾਰੇ ਜਾਣਕਾਰੀ ਹੋਣਾ ਲਾਜਮੀਂ ਹੈ ਇਸ ਲਈ ਸਾਨੂੰ ਆਪਣੇ ਘਰਾਂ ਦੀਆਂ ਛੱਤਾਂ ਤੇ ਪਏ ਗਮਲਿਆਂ ਅਤੇ ਟੁੱਟੇ ਟਾਇਰਾਂ ਵਿੱਚ ਪਾਣੀ ਇੱਕਠਾ ਨਹੀਂ ਹੋਣ ਦੇਣਾ ਚਾਹੀਦਾ ਅਤੇ ਆਪਣੇ ਕੂਲਰਾਂ ਦੀ ਹਫਤੇ ਵਿੱਚ ਇੱਕ ਵਾਰ ਸਾਫ ਸਫਾਈ ਜਰੂਰ ਕਰਨੀ ਚਾਹੀਦੀ ਹੈ।ਇਸ ਸਮੇਂ ਗੁਰਦਿਆਲ ਸਿੰਘ ਹੈਲਥ ਵਰਕਰ ਨੇ ਦੱਸਿਆ ਕਿ ਸਾਨੂੰ ਆਪਣੇ ਘਰਾਂ ਦੇ ਆਲੇ ਦੁਆਲੇ ਪਾਣੀ ਇੱਕਠਾ ਨਹੀਂ ਹੋਣ ਦੇਣਾ ਚਾਹੀਦਾ।ਉਹਨਾਂ ਦੱਸਿਆ ਕਿ ਖੜ੍ਹੇ ਪਾਣੀ ਵਿੱਚ ਭਿਆਨਕ ਬਿਮਾਰੀਆਂ ਫੈਲਾਉਣ ਵਾਲਾ ਮੱਛਰ ਪੈਦਾ ਹੁੰਦਾ ਹੈ ਤਾਂ ਹੀ ਸਾਨੂੰ ਪਾਣੀ ਇੱਕਠਾ ਨਹੀਂ ਹੋਣ ਦੇਣਾ ਚਾਹੀਦਾ। ਉਹਨਾਂ ਦੱਸਿਆ ਕਿ ਸਾਨੂੰ ਰਾਤ ਸੋਣ ਸਮੇਂ ਮੱਛਰ ਭਜਾਉਣ ਵਾਲੀਆਂ ਕਰੀਮਾਂ ਅਤੇ ਤੇਲਾਂ ਦੀ ਵਰਤੋਂ ਕਰਨੀ ਚਾਹੀਦੀ ਹੈ।ਇਸ ਸਮੇਂ ਡਾਕਟਰ ਤੇਰਾ ਸਿੰਘ ਆਮ ਆਦਮੀਂ ਕਲੀਨਿਕ,ਦਲਜੀਤ ਸਿੰਘ ਹੈਲਥ ਵਰਕਰ,ਸੰਤੋਖ ਸਿੰਘ ਹੈਲਥ ਵਰਕਰ ਆਦਿ ਹਾਜਰ ਸਨ।

# ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਬਣੀ ਬਜ਼ੁਰਗਾਂ ਲਈ ਵਰਦਾਨ, ਤਰਨਤਾਰਨ ਤੋਂ 50 ਯਾਤਰੀਆਂ ਦਾ ਜੱਥਾ ਰਵਾਨਾ




**ਗੁਰਪ੍ਰੀਤ ਸਿੰਘ ਕੱਦ ਗਿੱਲ,ਤਰਨਤਾਰਨ, 26 ਅਪਰੈਲ |**

ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਬਜ਼ੁਰਗਾਂ ਲਈ ਬਹੁਤ ਲਾਹੇਵੰਦ ਸਾਬਤ ਹੋ ਰਹੀ ਹੈ। ਇਸ ਯੋਜਨਾ ਨਾਲ ਉਹ ਲੋਕ ਵੀ ਤੀਰਥ ਅਸਥਾਨਾਂ ਦੇ ਦਰਸ਼ਨ ਕਰ ਰਹੇ ਹਨ, ਜੋ ਪਹਿਲਾਂ ਆਰਥਿਕ ਤੰਗੀ ਕਾਰਨ ਇਹ ਸਹੂਲਤ ਨਹੀਂ ਲੈ ਸਕਦੇ ਸਨ।

ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਦੇ ਆਗੂ ਜਸਕਰਨ ਸਿੰਘ ਗਿੱਲ ਅਤੇ ਮੈਡਮ ਨਵਜੋਤ ਕੌਰ ਹੁੰਦਾਲ ਨੇ ਤਰਨਤਾਰਨ ਦੇ ਵਾਰਡ ਨੰਬਰ 3 ਅਤੇ 4 ਵਿੱਚ ਤੀਰਥ ਯਾਤਰੀਆਂ ਦੀ ਬੱਸ ਨੂੰ ਹਰੀ ਝੰਡੀ ਦੇ ਕੇ ਰਵਾਨਾ ਕਰਨ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕੀਤਾ।

ਉਨ੍ਹਾਂ ਦੱਸਿਆ ਕਿ ਇਸ ਯੋਜਨਾ ਤਹਿਤ ਕਰੀਬ 50 ਯਾਤਰੀਆਂ ਦਾ ਜੱਥਾ ਸ੍ਰੀ ਆਨੰਦਪੁਰ ਸਾਹਿਬ ਅਤੇ ਮਾਤਾ ਨੈਨਾ ਦੇਵੀ ਦੇ ਦਰਸ਼ਨਾਂ ਲਈ ਰਵਾਨਾ ਕੀਤਾ ਗਿਆ ਹੈ। ਇਹ ਤਿੰਨ ਦਿਨਾਂ ਦੀ ਯਾਤਰਾ ਦੌਰਾਨ ਯਾਤਰੀਆਂ ਲਈ ਰਹਿਣ ਅਤੇ ਖਾਣ-ਪੀਣ ਦਾ ਪੂਰਾ ਪ੍ਰਬੰਧ ਪੰਜਾਬ ਸਰਕਾਰ ਵੱਲੋਂ ਮੁਫ਼ਤ ਕੀਤਾ ਗਿਆ ਹੈ।

ਉਨ੍ਹਾਂ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਸਰਕਾਰ ਲੋਕ ਭਲਾਈ ਯੋਜਨਾਵਾਂ ਨੂੰ ਜ਼ਮੀਨੀ ਪੱਧਰ ‘ਤੇ ਲਾਗੂ ਕਰ ਰਹੀ ਹੈ, ਜਿਸ ਦਾ ਸਿੱਧਾ ਲਾਭ ਆਮ ਲੋਕਾਂ ਨੂੰ ਮਿਲ ਰਿਹਾ ਹੈ। ਯਾਤਰੀਆਂ ਵੱਲੋਂ ਵੀ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ ਜਾ ਰਹੀ ਹੈ।

ਇਸ ਮੌਕੇ ਮੈਡਮ ਅੰਜੂ ਵਰਮਾ, ਜ਼ਿਲ੍ਹਾ ਪ੍ਰਧਾਨ ਮੇਲ ਵਿੰਗ ਪ੍ਰਭਦੀਪ ਸਿੰਘ ਜੱਗੀ, ਰਾਜਵੀਰ ਸਿੰਘ ਰਾਜਾ, ਵਿੱਕੀ ਟੇਲਰ, ਅੰਗਰੇਜ਼ ਸਿੰਘ, ਜਸਬੀਰ ਸਿੰਘ ਨੰਬਰਦਾਰ, ਬਿੱਲਾ ਸਿਲੰਡਰਾਂ ਵਾਲਾ ਅਤੇ ਹੋਰ ਸਾਥੀ ਵੀ ਹਾਜ਼ਰ ਸਨ।

ਆਪਣੇ ਬਿਜਨਸ ਨੂੰ ਹੋਰ ਵਧਾਉਣ ਲਈ ਕਿਸੇ ਵੀ ਕਿਸਮ ਦੀ ਵੈਬਸਾਈਟ ਆਦਿ ਬਣਵਾਉਣ ਲਈ ਸੰਪਰਕ ਕਰੋ। (9463661542)

Cee7News ਵਿੱਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ